ਮਾਰਚ 2023, ਅੰਕ 1

# Magazine on Low External Input Sustainable Agriculture

LEISA INDIA

ਖਾਸ ਪੰਜਾਬੀ ਸੰਸਕਰਣ



ਲੀਜ਼ਾ ਇੰਡੀਆ ਦਾ ਵੀਵਾਂ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*

*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*

*ਜੈਤੋ–151202 ਸੰਪਰਕ: 01635–231415, 503415*

*ਵੈੱਬਸਾਈਟ:* khetivirasatmission.org

*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** ਟੀ.ਐੱਮ. ਰਾਧਾ, ਏ. ਐੱਮ. ਈ. ਫਾਂਊਂਡੇਸ਼ਨ

***ਪ੍ਰਬੰਧਕ ਸੰਪਾਦਕ:*** ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਂਊਂਡੇਸ਼ਨ

***ਅਨੁਵਾਦ ਕੋਆਰਡੀਨੇਅਰ:*** ਬੀ.ਐੱਮ.ਸੰਜਨਾ, ਏ. ਐੱਮ. ਈ. ਫਾਂਊਂਡੇਸ਼ਨ

***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ,
ਅਮਨਜੋਤ ਕੌਰ

**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਂਊਂਡੇਸ਼ਨ

**ਲੇਆਊਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ

**ਛਪਾਈ:** ਜ਼ੈ ਆਫਸੈਂਟ ਪ੍ਰਿੰਟਰਜ਼, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ

**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ

**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)

ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।

**ਮਾਇਜੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ**
**ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**

## ਪਿਆਰੇ ਪਾਠਕੋ

**ਏ.ਐੱਮ.ਈ. ਫਾਂਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਵੀਵਾਂ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪੱਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਪੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਦੀ ਸਾਡੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ।**

**ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ - ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।**

**ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਨਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਤੁਹਾਡੀ ਨਜ਼ਰ ਕਰਨ ਜਾ ਰਹੇ ਹਾਂ। ਆਸ ਕਰਦੇ ਹਾਂ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਸੰਸਕਰਨ ਪਾਠਕਾਂ ਦੀਆਂ ਆਸਾਂ 'ਤੇ ਖਰ੍ਹਾ ਉੱਤਰੇਗਾ।**

**ਲੀਜ਼ਾ ਇੰਡੀਆ ਟੀਮ**
**ਮਾਰਚ–2023**

*ਲੀਜ਼ਾ* **ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।**

**ਏ.ਐੱਮ.ਈ.ਫਾਂਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਂਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ.ਐੱਮ.ਈ.ਫਾਂਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ–ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ–ਬਰ–ਤਿਆਰ ਖੜ੍ਹਾ ਹੈ। (www.misereor.de;misereor.org)

# ਇਸ ਅੰਕ ਵਿੱਚ



## ਕੇਰਲ ਵਿੱਚ ਸ਼ਹਿਰੀ ਘਰੇਲੂ ਬਗੀਚੀ ਦੀ ਲਹਿਰ

### ਸੋਸ਼ਲ ਮੀਡੀਆ ਸਮੂਹਾਂ ਦੀ ਭੂਮਿਕਾ

ਨਿੱਜੀ ਰਿਹਾਇਸ਼ੀ ਘਰਾਂ ਤੱਕ ਸੀਮਿਤ ਸ਼ਹਿਰੀ ਘਰੇਲੂ ਬਾਗਬਾਨੀ ਵਿੱਚ ਸ਼ਹਿਰ ਦੀ ਖਾਧ ਆਪੂਰਤੀ ਲੜੀ ਨੂੰ ਹੱਲ ਕਰਨ ਦੀ ਸਮਰੱਥਾ ਹੈ, ਜਦ ਇਸਦਾ ਵਿਸਤਾਰ ਕੀਤਾ ਜਾਂਦਾ ਹੈ। ਕੇਰਲ ਵਿੱਚ, ਸ਼ਹਿਰੀ ਘਰੇਲੂ ਬਾਗਬਾਨੀ , ਸਰਕਾਰੀ ਮੱਦਦ ਨਾਲ ਅਤੇ ਲੋਕਾਂ ਦੇ ਸੋਸ਼ਲ ਮੀਡੀਆ ਆਧਾਰਿਤ ਪਹਿਲ ਕਾਰਨ ਇੱਕ ਵੱਡੀ ਸਮਾਜਿਕ ਲਹਿਰ ਬਣ ਗਈ ਹੈ।

ਪੇਜ ਨੰ: 5




## ਸ਼ਹਿਰੀ -ਪੇਂਡੂ ਅੰਦਰੂਨੀ ਖੇਤਰਾਂ ਵਿੱਚ ਖਾਧ ਅਤੇ ਰੁਜ਼ਗਾਰ ਸੁਰੱਖਿਆ

ਸ਼ਹਿਰਾਂ ਦੇ ਨਾਲ ਲੱਗਦੇ ਖੇਤਰ (ਪੇਰੀ ਸ਼ਹਿਰੀ ਖੇਤਰ) ਸ਼ਹਿਰੀ ਖੇਤਰ ਵਿੱਚ ਦਾਖਲੇ ਲਈ 'ਉਡੀਕ ਘਰ' ਨਹੀਂ ਹਨ। ਅੱਗੇ ਤੋ ਜ਼ਮੀਨ ਦੀ ਵਰਤੋਂ ਵਿੱਚ ਬਦਲਾਵਾਂ ਅਤੇ ਅਨਿਯਮਿਤ ਉਸਾਰੀ ਗਤੀਵਿਧੀਆਂ ਨੂੰ ਰੋਕਣ ਲਈ ਮਾਨਸਿਕਤਾ ਵਿੱਚ ਬੁਨਿਆਦੀ ਤਬਦੀਲੀ ਲਿਆਉਣ ਦੀ ਲੋੜ ਹੈ। ਅਜਿਹੀ ਸਥਿਤੀ ਨੂੰ ਬਹੁ-ਕਾਰਜਕਾਰੀ ਹਰੀਆਂ ਥਾਵਾਂ ਨੂੰ ਪ੍ਰੋਤਸ਼ਾਹਿਤ ਕਰਕੇ ਅਤੇ ਸੰਭਾਲ ਕਰਕੇ ਅਤੇ ਪੇਰੀ-ਸ਼ਹਿਰੀ ਖੇਤੀ ਦੁਆਰਾ ਵਧੀਆ ਸੰਭਾਲਿਆ ਜਾ ਸਕਦਾ ਹੈ। ਗੋਰਖਪੁਰ ਸ਼ਹਿਰ ਦੇ ਨਾਲ ਲੱਗਦੇ ਖੇਤਰਾਂ (ਪੇਰੀ-ਸ਼ਹਿਰੀ ਖੇਤਰ) ਦੀਆਂ ਹਰੀਆਂ-ਭਰੀਆਂ ਜਗ੍ਹਾਵਾਂ ਲਈ ਵਿਗਿਆਨ ਅਤੇ ਤਕਨੀਕੀ ਹੱਲ ਦੀ ਸਹਿ-ਰਚਨਾ ਦੀ ਪਹਿਲ ਨੇ ਲੋਕਾਂ ਦੀ ਖਾਧ ਸੁਰੱਖਿਆ ਵਿੱਚ ਸੁਧਾਰ, ਸ਼ਹਿਰ ਦੇ ਆਲੇ-ਦੁਆਲੇ ਹਰਿਆਲੀ ਭਰਪੂਰ ਥਾਵਾਂ ਨੂੰ ਬਣਾਈ ਰੱਖਣ ਅਤੇ ਸ਼ਹਿਰੀ-ਗ੍ਰਾਮੀਨ ਦਿਹਾਤੀ ਇਲਾਕਿਆਂ (ਹਿੰਟਰਲੈਂਡ) ਵਿੱਚ ਪਿੰਡ ਦੇ ਗਰੀਬ ਲੋਕਾਂ ਲਈ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਲਈ ਇੱਕ ਪ੍ਰਭਾਵੀ ਮਾਰਗ ਦਿਖਾਇਆ ਹੈ।

ਪੇਜ ਨੰ: 12





## ਲੰਬਕਾਰੀ ਬਾਗਬਾਨੀ ਵਿੱਚ ਨਵੇਂ ਰਾਹ ਬਣਾਉਣਾ

ਪ੍ਰੇਰਨਾਦਾਇਕ ਨਵੀਨ ਢਾਂਚਿਆਂ ਅਤੇ ਮੁੜ ਵਰਤੋਂ ਅਤੇ ਰੀਸਾਇਕਲਿੰਗ ਦੀ ਡੂੰਘੀ ਭਾਵਨਾ ਨੇ ਇਸ ਖੋਜੀ ਕਿਸਾਨ ਨੂੰ ਬਹੁਤ ਸਾਰੇ ਸ਼ਹਿਰੀ ਬਾਗਬਾਨਾਂ ਲਈ ਅਨੁਕਰਨ ਕਰਨ ਲਈ ਇੱਕ ਮਾਡਲ ਦੇ ਰੂਪ ਵਿੱਚ ਸਥਾਪਤ ਕਰ ਦਿੱਤਾ ਹੈ।

ਪੇਜ ਨੰ: 17

## ਸੰਪਾਦਕੀ

ਜਿਸ ਤੇਜ਼ੀ ਨਾਲ ਜਨਸੰਖਿਆ ਵਧ ਰਹੀ ਹੈ ਅਤੇ ਉਸਨੂੰ ਰਿਹਾਇਸ਼ ਪ੍ਰਦਾਨ ਕਰਨ ਲਈ ਖੇਤੀ ਵਾਲੀ ਜ਼ਮੀਨ ਨੂੰ ਰਿਹਾਇਸ਼ੀ ਇਲਾਕਿਆਂ ਵਿੱਚ ਬਦਲਿਆ ਜਾ ਰਿਹਾ ਹੈ, ਉਹ ਆਉਣ ਵਾਲੇ ਸਮੇਂ ਵਿੱਚ ਵੱਡੀ ਚਿੰਤਾ ਦਾ ਕਾਰਨ ਬਣੇਗਾ। ਇੱਕ ਪਾਸੇ ਵਧਦੀ ਜਨਸੰਖਿਆ ਦੀਆਂ ਭੋਜਨ ਦੀਆਂ ਲੋੜਾਂ ਅਤੇ ਦੂਸਰੇ ਪਾਸੇ ਭੋਜਨ ਉਤਪਾਦਨ ਲਈ ਘਟਦੀ ਖੇਤੀ ਵਾਲੀ ਜ਼ਮੀਨ।

ਇਸ ਲਈ ਹੁਣ ਭੋਜਨ ਉਤਪਾਦਨ ਦੀ ਜਿੰਮੇਦਾਰੀ ਨਾ ਸਿਰਫ ਕਿਸਾਨਾਂ ਉੱਪਰ ਬਲਕਿ ਸ਼ਹਿਰੀ ਲੋਕਾਂ ਉੱਪਰ ਵੀ ਆ ਪਈ ਹੈ। ਅੱਜ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਕਿ ਸ਼ਹਿਰਾਂ ਵਿੱਚ ਖਾਲੀ ਪਈਆਂ ਅਤੇ ਇਸ ਸਮੇਂ ਵਰਤੋਂ ਵਿੱਚ ਨਾ ਆਉਣ ਵਾਲੀਆਂ ਥਾਵਾਂ ਨੂੰ ਭੋਜਨ ਉਗਾਉਣ ਲਈ ਵਰਤਿਆ ਜਾਵੇ। ਇਸਦੇ ਲਈ ਸ਼ਹਿਰੀ ਘਰੇਲੂ ਬਗੀਚੀ ਉੱਪਰ ਧਿਆਨ ਦੇਣ ਦੀ ਬਹੁਤ ਲੋੜ ਹੈ।

ਅੱਜ ਦੇਸ਼ ਭਰ ਵਿੱਚ ਬਹੁਤ ਸਾਰੇ ਲੋਕ ਸਫਲਤਾਪੂਰਵਕ ਘਰੇਲੂ ਬਗੀਚੀ ਉਗਾ ਰਹੇ ਹਨ ਅਤੇ ਦੂਸਰਿਆਂ ਲਈ ਵੀ ਰਾਹ ਦਸੇਰੇ ਬਣ ਰਹੇ ਹਨ। ਇਸ ਵਿੱਚ ਹਰ ਤਰ੍ਹਾ ਦੇ ਤਬਕੇ ਦੇ ਲੋਕ ਸ਼ਾਮਲ ਹਨ। ਕੇਰਲ ਜਿਹਾ ਸੂਬਾ ਜੋ ਕਦੇ ਆਪਣੀਆਂ ਸਬਜ਼ੀਆਂ ਦੀ ਜਰੂਰਤ ਪੂਰਾ ਕਰਨ ਲਈ ਗਵਾਂਢੀ ਰਾਜਾਂ ਉੱਪਰ ਨਿਰਭਰ ਸੀ, ਸਰਕਾਰ ਦੀ ਮੱਦਦ ਨਾਲ ਕਈ ਪ੍ਰੋਗਰਾਮ ਚਲਾ ਕੇ ਘਰੇਲੂ ਬਗੀਚੀ ਨੂੰ ਉਤਸ਼ਾਹਤ ਕਰ ਰਿਹਾ ਹੈ ਤਾਂਕਿ ਦੂਸਰੇ ਸੂਬਿਆਂ ਤੋਂ ਸਬਜ਼ੀਆਂ ਨਾ ਮੰਗਵਾਉਣੀਆਂ ਪੈਣ ਜਾਂ ਘੱਟ ਮੰਗਵਾਉਣੀਆਂ ਪੈਣ।

ਲੀਸਾ ਇੰਡੀਆ ਦੇ ਇਸ ਅੰਕ ਵਿੱਚ ਅਸੀਂ ਅਜਿਹੇ ਹੀ ਕੁੱਝ ਸਫਲ ਮਾਡਲਾਂ ਬਾਰੇ ਜਾਣਕਾਰੀ ਸਾਂਝਾ ਕੀਤੀ ਹੈ ਜੋ ਆਪਣੇ ਨਵੇਂ ਨਵੇਂ ਤਰੀਕਿਆਂ ਨਾਲ ਥੋੜ੍ਹੀ ਜਗਾ ਵਿੱਚ ਆਪਣੀ ਆਂ ਲੋੜਾਂ ਪੂਰੀਆਂ ਕਰਨ ਲਈ ਸਬਜ਼ੀਆਂ ਉਗਾ ਰਹੇ ਹਨ। ਉਮੀਦ ਹੈ ਤੁਹਾਨੂੰ ਇਹ ਅੰਕ ਪਸੰਦ ਆਵੇਗਾ।

-ਧੰਨਵਾਦ




# ਕੇਰਲ ਵਿੱਚ ਸ਼ਹਿਰੀ ਘਰੇਲੂ ਬਗੀਚੀ ਦੀ ਲਹਿਰ

# ਸੋਸ਼ਲ ਮੀਡੀਆ ਸਮੂਹਾਂ ਦੀ ਭੂਮਿਕਾ

*ਅਨੀਤਾ ਪਿਨਹੇਰੋ*

ਨਿੱਜੀ ਰਿਹਾਇਸ਼ੀ ਘਰਾਂ ਤੱਕ ਸੀਮਿਤ ਸ਼ਹਿਰੀ ਘਰੇਲੂ ਬਾਗਬਾਨੀ ਵਿੱਚ ਸ਼ਹਿਰ ਦੀ ਖਾਧ ਆਪੂਰਤੀ ਲੜੀ ਨੂੰ ਹੱਲ ਕਰਨ ਦੀ ਸਮਰੱਥਾ ਹੈ, ਜਦ ਇਸਦਾ ਵਿਸਤਾਰ ਕੀਤਾ ਜਾਂਦਾ ਹੈ। ਕੇਰਲ ਵਿੱਚ, ਸ਼ਹਿਰੀ ਘਰੇਲੂ ਬਾਗਬਾਨੀ , ਸਰਕਾਰੀ ਮੱਦਦ ਨਾਲ ਅਤੇ ਲੋਕਾਂ ਦੇ ਸੋਸ਼ਲ ਮੀਡੀਆ ਆਧਾਰਿਤ ਪਹਿਲ ਕਾਰਨ ਇੱਕ ਵੱਡੀ ਸਮਾਜਿਕ ਲਹਿਰ ਬਣ ਗਈ ਹੈ।

**ਛੱਤ ਉੱਪਰ ਬਗੀਚੀ ਲਈ ਹਲਕੇ ਵਜ਼ਨ ਵਾਲੇ ਗ੍ਰੋ ਬੈਗਾਂ ਦੀ ਵਰਤੋਂ ਕੀਤੀ ਜਾਂਦੀ ਹੈ।**



ਕੇਰਲ ਸੂਬੇ ਕੋਲ ਆਪਣੀਆਂ ਭੂਗੋਲਿਕ ਅਤੇ ਸਥਾਨਕ ਸੀਮਾਵਾਂ ਕਰਕੇ ਖੇਤੀਬਾੜੀ ਵਿਸਤਾਰ ਸੰਭਵ ਨਹੀ ਪਰ ਹੁਣ ਉਹ ਸਬਜੀਆਂ ਦੇ ਉਤਪਾਦਨ ਨੂੰ ਖੇਤ ਤੋਂ ਘਰ ਤੱਕ ਲਿਆ ਕੇ ਇਸਦਾ ਵਿਸਤਾਰ ਕਰ ਰਹੇ ਹਨ ਅਤੇ ਉਹ ਪਿੰਡ ਅਤੇ ਸ਼ਹਿਰ ਵਿੱਚ ਹਰ ਉਪਲਬਧ ਜਗ੍ਹਾ ਉੱਪਰ ਖੇਤੀ ਕਰ ਰਹੇ ਹਨ। 2012 ਤੋਂ ਕੇਰਲ ਸਰਕਾਰ ਨੇ 'ਸਬਜ਼ੀ ਵਿਕਾਸ ਪ੍ਰੋਗਰਾਮ' ਰਾਹੀ ਸਬਜ਼ੀਆਂ ਦੇ ਉਤਪਾਦਨ ਲਈ ਅਲਾਟ ਬਜਟ ਵਿੱਚ ਭਾਰੀ ਵਾਧਾ ਕੀਤਾ ਹੈ। ਇਸ ਪ੍ਰੋਗਰਾਮ ਅਧੀਨ ਕੁੱਲ ਸਾਲਾਨਾ ਬਜਟ ਦਾ ਲਗਭਗ 10 ਪ੍ਰਤੀਸ਼ਤ ਸ਼ਹਿਰਾਂ ਵਿੱਚ ਬਗੀਚੀ ਲਗਾਉਣ ਲਈ ਦਿੱਤਾ ਗਿਆ ਹੈ। ਇਸ ਪ੍ਰੋਗਰਾਮ ਦੀ ਮੁੱਖ ਰਣਨੀਤੀ ਇਹ ਰਹੀ ਹੈ ਕਿ ਹੁਣ ਤੱਕ ਵਰਤੋਂ ਵਿੱਚ ਨਾ ਆਉਣ ਵਾਲੀਆਂ ਜਗ੍ਹਾਵਾਂ ਜਿਵੇਂ ਘਰਾਂ ਵਿੱਚ ਖਾਲੀ ਜਗ੍ਹਾ, ਸਕੂਲ ਅਤੇ ਹੋਰ ਸਰਕਾਰੀ ਅਤੇ ਨਿੱਜੀ ਸੰਸਥਾਵਾਂ ਦੀਆਂ ਜਗ੍ਹਾਵਾਂ ਨੂੰ ਸਬਜ਼ੀਆਂ ਦੇ ਉਤਪਾਦਨ ਲਈ ਵਰਤਿਆ ਜਾਵੇ।

ਇਸ ਸਹਾਇਤਾ ਵਿੱਚ ਸਬਸਿਡੀ (75% ਸਬਸਿਡੀ) ਵਾਲੇ ਵਿਭਿੰਨ ਸਬਜ਼ੀਆਂ ਦੀ ਪੌਦ ਲੱਗੇ ਗ੍ਰੋ ਬੈਗਾਂ ਦੀ ਵੰਡ ਅਤੇ ਲਾਭਪਾਤਰੀਆਂ ਨੂੰ ਘਰ ਦੀ ਛੱਤ ਅਤੇ ਬਾਲਕਨੀ ਵਿੱਚ 500 ਰੁਪਏ ਦੀ ਘੱਟ ਕੀਮਤ ਵਿੱਚ ਬਗੀਚੀ ਬਣਾਉਣ ਦੇ ਯੋਗ ਬਣਾਉਣਾ ਸ਼ਾਮਲ ਹੈ। ਹਲਕੇ ਭਾਰ ਵਾਲੇ ਗ੍ਰੋ ਬੈਗਾਂ ਅਤੇ ਇਹਨਾਂ ਵਿੱਚ ਪਾਈ ਗਈ ਨਾਰੀਅਲ ਦੀਆਂ ਜਟਾਂ ਦੀ ਬਣਾਈ ਖਾਦ ਜੋ ਕਿ ਹਲਕੀ ਹੁੰਦੀ ਹੈ, ਨੇ ਕੰਟੇਨਰਾਂ ਦਾ ਭਾਰ ਘੱਟ ਰੱਖਣ ਵਿੱਚ ਮੱਦਦ ਕੀਤੀ ਜਿਸ ਨਾਲ ਛੱਤ ਨੂੰ ਕਿਸੇ ਤਰ੍ਹਾ ਦੇ ਨੁਕਸਾਨ ਦੀ ਸੰਭਾਵਨਾ ਦਾ ਡਰ ਘੱਟ ਗਿਆ। ਸਰਕਾਰੀ ਸਬਸਿਡੀ ਜੋ ਕਿ 50 ਤੋਂ 75 % ਤੱਕ ਹੈ, ਨੇ ਕਈ ਜੈਵਿਕ ਖਾਦਾਂ ਅਤੇ ਕੀਟਨਾਸ਼ਕ, ਪਾਣੀ ਬਚਾਉਣ ਵਾਲੀਆਂ ਤਕਨੀਕਾਂ ਜਿਵੇਂ ਤੁਪਕਾ ਸਿੰਚਾਈ ਅਤੇ ਘਰੇਲੂ ਕਚਰਾ ਪ੍ਰਬੰਧਨ ਇਕਾਈਆਂ ਜਿਵੇਂ ਪਾਈਪ ਕੰਪੋਸਟ, ਪੋਰਟੇਬਲ ਬਾਇਓਗੈਸ ਪਲਾਂਟ ਆਦਿ ਸਥਾਪਤ ਕਰਨ ਲਈ ਵੀ ਸਹਾਇਤਾ ਦਿੱਤੀ। ਸਬਸਿਡੀ ਵਾਲੇ ਇਨਪੁਟਸ ਦੇ ਨਾਲ-ਨਾਲ ਢੁੱਕਵੇਂ ਸੰਸਥਾਗਤ ਤੰਤਰ ਦੀ ਸਹਾਇਤਾ ਵੀ ਦਿੱਤੀ ਗਈ - ਜਗ੍ਹਾ ਦੀ ਬੱਚਤ ਅਤੇ ਸੰਸਾਧਨ-ਕੁਸ਼ਲ ਖੇਤੀ ਦੇ ਤਰੀਕਿਆਂ ਨੂੰ ਵਿਕਸਿਤ ਕਰਨ ਲਈ ਸਰਕਾਰੀ ਖੋਜ ਸੰਸਥਾਵਾਂ, ਕ੍ਰਿਸ਼ੀ ਭਵਨ ਦੁਆਰਾ ਵਿਸਤਾਰ ਸੇਵਾਵਾਂ, ਬਾਗਬਾਨੀ ਲਈ ਸਾਮਾਨ ਅਤੇ ਤਕਨੀਕ ਤੱਕ ਆਸਾਨ ਪਹੁੰਚ ਲਈ ਸ਼ਹਿਰੀ ਖੇਤੀ ਸੇਵਾ ਕੇਂਦਰਾਂ ਦੀ ਸਥਾਪਨਾ ਅਤੇ ਸਿਖਲਾਈ ਪ੍ਰੋਗਰਾਮ। ਘਰੇਲੂ ਬਗੀਚੀ ਨੂੰ ਕੇਰਲ ਦੇ ਪ੍ਰੰਪਰਿਕ ਤਿਓਹਾਰਾਂ ਜਿਵੇਂ ਓਨਮ ਅਤੇ ਵਿਸ਼ੂ ਨਾਲ ਜੋੜ ਕੇ ਇੱਕ ਸੱਭਿਆਚਾਰਕ ਪਹਿਲੂ ਵੀ ਜੋੜਿਆ ਗਿਆ।

**ਸਰਕਾਰ ਨੇ ਸਬਸਿਡੀ ਵਾਲੇ ਵਾਤਾਵਰਣ-ਪੱਖੀ ਇਨਪੁਟ ਦਿੱਤੇ ਅਤੇ ਇਸਦੀ ਸਹਾਇਤਾ ਲਈ ਸੰਸਥਾਗਤ ਤੰਤਰ ਵਿਕਸਿਤ ਕੀਤੇ**

## ਸਰਕਾਰ ਦੇ ਸਰਕਾਰੀ ਦਖ਼ਲ ਪ੍ਰਤਿ ਲੋਕਾਂ ਦਾ ਹੁੰਗਾਰਾ

ਅੱਗੇ ਦਿੱਤੀ ਪੜਚੋਲ ਵਿਭਿੰਨ ਸਰਕਾਰੀ ਦਸਤਾਵੇਜ਼ਾਂ ਦੀ ਸਮੀਖਿਆ, ਸਮਾਚਾਰ ਰਿਪੋਰਟਾਂ, ਤਿਰੂਵਨੰਤਪੁਰਮ ਨਿਗਮ ਵਿੱਚ ਕੀਤੇ ਘਰਾਂ ਦੇ ਸਰਵੇਖਣ ਅਤੇ ਕੇਰਲ ਦੇ ਵਿਭਿੰਨ ਫੇਸਬੁੱਕ ਖੇਤੀ ਗਰੁੱਪਾਂ ਉੱਪਰ ਹੋਪ ਫਾਊਂਡੇਸ਼ਨ ਦੁਆਰਾ ਤ੍ਰਿਸ਼ੂਰ ਵਿਖੇ ਭਾਗੀਦਾਰਾਂ ਦੀ ਆਹਮਣੇ-ਸਾਹਮਣੇ ਕਰਵਾਈ ਗਈ ਮੀਟਿੰਗ ਵਿੱਚ ਦਿੱਤੇ ਪ੍ਰਸ਼ਨ-ਉੱਤਰ ਸਰਵੇ ਉੱਪਰ ਆਧਾਰਿਤ ਹੈ।

ਤਿਰੂਵਨੰਤਪੁਰਮ ਨਿਗਮ ਵਿਖੇ ਕੀਤੇ ਪ੍ਰਾਥਮਿਕ ਸਰਵੇਖਣ ਵਿੱਚ ਪਾਇਆ ਗਿਆ ਕਿ ਸਰਕਾਰੀ ਦਖਲ ਨੇ ਸ਼ਹਿਰ ਦੇ ਕਈ ਵਸਨੀਕਾਂ ਨੂੰ ਘਰੇਲੂ ਬਗੀਚੀ ਲਗਾਉਣ ਲਈ ਪ੍ਰੋਤਸ਼ਾਹਿਤ ਕੀਤਾ। ਰਵਾਇਤੀ ਤਰੀਕਿਆਂ ਨੂੰ ਮੁੜ ਬਹਾਲ ਕਰਨ ਦੇ ਇਲਾਵਾ, ਸਬਸਿਡੀ ਸਹਾਇਤਾ ਦੇ ਨਾਲ, ਘੱਟ ਖਰਚ ਵਿੱਚ ਆਪਣੇ ਘਰ ਵਿੱਚ ਘਰੇਲੂ ਬਗੀਚੀ ਲਗਾਉਣ ਲਈ ਤਿਆਰ ਹੋਣਾ ਆਸਾਨ ਸੀ। ਇਸਦੇ ਇਲਾਵਾ ਦੂਸਰਾ ਵੱਡਾ ਕਾਰਨ ਸੀ ਆਪਣੀ ਸਿਹਤ ਪ੍ਰਤਿ ਜਾਗਰੂਕ ਹੋਣਾ ਕਿਉਂਕਿ ਲੋਕਾਂ ਵਿੱਚ ਹੁਣ ਇਹ ਜਾਗਰੂਕਤਾ ਆ ਚੁੱਕੀ ਹੈ ਕਿ ਬਾਜਾਰ ਵਿੱਚ ਮਿਲਣ ਵਾਲੀਆਂ ਸਬਜ਼ੀਆਂ ਉੱਪਰ ਕਿੰਨੇ ਖਤਰਨਾਕ ਕੀਟਨਾਸ਼ਕਾਂ ਦੀ ਸਪ੍ਰੇਅ ਕੀਤੀ ਜਾਂਦੀ ਹੈ ਅਤੇ ਇਹ ਸਬਜ਼ੀਆਂ ਵਿੱਚ ਮੌਜੂਦ ਰਹਿ ਜਾਂਦੇ ਹਨ।2013 ਤੋਂ ਕੇਰਲ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਪ੍ਰਿੰਟ ਅਤੇ ਨਿਊਜ਼ ਮੀਡੀਆ ਵਿੱਚ ਇਹ ਨਤੀਜੇ ਸਾਹਮਣੇ ਲਿਆਉਣ ਤੋਂ ਬਾਅਦ ਲੋਕਾਂ ਵਿੱਚ ਬੜੀ ਜਾਗ੍ਰਿਤੀ ਆਈ ਹੈ। ਇੰਡੋਸਲਫਾਨ ਕੀਟਨਾਸ਼ਕ ਦੀ ਦੁਰਘਟਨਾ ਦੀਆਂ ਯਾਦਾਂ , ਵਧਦੀ ਕੈਂਸਰ ਦੀ ਦਰ ਨੇ ਲੋਕਾਂ ਨੂੰ ਵਿਕਲਪਾਂ ਬਾਰੇ ਸੋਚਣ ਲਈ ਮਜਬੂਰ ਕੀਤਾ। ਇਸ ਸੰਦਰਭ ਵਿੱਚ, ਘਰ ਵਿੱਚ ਜੈਵਿਕ ਤਰੀਕਿਆਂ ਨਾਲ ਸਬਜ਼ੀਆਂ ਉਗਾਉਣਾ ਲੋਕਾਂ ਨੂੰ ਇੱਕ ਬਿਹਤਰ ਵਿਕਲਪ ਲੱਗਿਆ। ਸੋਸ਼ਲ ਮੀਡੀਆ, ਖ਼ਾਸ ਕਰਕੇ ਫੇਸਬੁੱਕ ਉੱਪਰ ਮਲਿਆਲਮ ਭਾਸ਼ਾ ਵਿੱਚ ਬਣਾਏ ਗਏ ਸਮੂਹ ਇਸ ਘਰੇਲੂ ਬਗੀਚੀ ਲਹਿਰ ਨੂੰ ਕੇਰਲ ਵਿੱਚ ਲੋਕਪ੍ਰਿਅ ਬਣਾਉਣ ਦੇ ਮੰਚ ਵਜੋਂ ਉੱਭਰੇ । ਜਲਦੀ ਹੀ ਘਰੇਲੂ ਬਗੀਚੀ ਸ਼ਹਿਰਾਂ ਅਤੇ ਪਿੰਡਾਂ ਵਿੱਚ ਇੱਕ ਲਹਿਰ ਬਣ ਗਈ।

ਇਸ ਤਰ੍ਹਾ, ਕੇਰਲ ਵਿੱਚ ਸਰਕਾਰ ਦੀ ਜੈਵਿਕ ਖੇਤੀ ਨੀਤੀ (2010) ਅਤੇ ਸਵੈ ਨਿਰਭਰ ਸਬਜ਼ੀਆਂ ਦੇ ਉਤਪਾਦਨ ਲਈ ਸਰਕਾਰੀ ਸਹਾਇਤਾ ਮਿਲਣ ਕਰਕੇ ਅਤੇ ਖੇਤੀ ਪਰਿਸਥਿਤਕੀ ਵਿਕਲਪਾਂ ਬਾਰੇ ਜਾਗਰੂਕਤਾ ਆਉਣ ਕਰਕੇ ਘਰੇਲੂ ਬਗੀਚੀ ਲਹਿਰ ਨੇ ਜ਼ੋਰ ਫੜਿਆ।

## ਸੋਸ਼ਲ ਮੀਡੀਆ ਨੈੱਟਵਰਕ ਤਿਆਰ ਕਰਨਾ

ਸੋਸ਼ਲ ਮੀਡੀਆ ਮੰਚ ਫੇਸਬੁੱਕ ਇੱਕੋ ਜਿਹੀ ਦਿਲਚਸਪੀ ਰੱਖਣ ਵਾਲੇ ਲੋਕਾਂ ਦਾ ਨੈੱਟਵਰਕ ਬਣਾਉਣ ਲਈ ਵੱਡੇ ਪੱਧਰ 'ਤੇ ਵਰਤਤਿਆ ਜਾਂਦਾ ਹੈ। ਮਲਿਆਲਮ ਭਾਸ਼ਾ ਵਿੱਚ ਬਣੇ ਕ੍ਰਿਆਸ਼ੀਲ ਫੇਸਬੁੱਕ ਆਧਾਰਿਤ ਖੇਤੀ ਸਮੂਹਾਂ ਵਿੱਚੋਂ 10 ਤੋਂ ਵੱਧ ਮੁੱਖ ਤੌਰ 'ਤੇ ਘਰੇਲੂ ਬਗੀਚੀ ਦੀ ਕਾਸ਼ਤ ਉਪਰ ਧਿਆਨ ਕੇਂਦ੍ਰਤ ਕਰਦੇ ਹਨ। ਇਹਨਾਂ ਸਮੂਹਾਂ ਦੇ ਵਿਸ਼ੇਸ਼ ਉਦੇਸ ਭਾਵੇਂ ਵੱਖੋ-ਵੱਖਰੇ ਹਨ ਪਰ ਇਹਨਾਂ ਵਿੱਚੋਂ ਜ਼ਿਆਦਾਤਰ ਦਾ ਆਧਾਰ ਸਾਂਝਾ ਹੈ -ਖੇਤੀ ਵਿਗਿਆਨ ਆਧਾਰਿਤ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਅਤੇ ਫਲ ਉਗਾ ਕੇ ਸਿਹਤਮੰਦ ਭੋਜਨ ਦੀਆਂ ਆਦਤਾਂ ਨੂੰ ਵਿਕਸਿਤ ਕਰਨਾ।

**ਸਾਰਣੀ 1 :- 1 ਲੱਖ ਤੋਂ ਵੱਧ ਮੈਂਬਰਾਂ ਵਾਲੇ ਫੇਸਬੁੱਕ ਖੇਤੀ ਸਮੂਹਾਂ ਦੀ ਸੂਚੀ**

| ਫੇਸਬੁੱਕ ਸਮੂਹ | 31 ਜਨਵਰੀ 2022 ਨੂੰ ਮੈਂਬਰਸ਼ਿਪ | ਸਮੂਹ ਬਣਨ ਦਾ ਸਾਲ |
|---|---|---|
| ਕ੍ਰਿਸ਼ੀ (ਖੇਤੀ) | 454743 | 2014 |
| ਨਮੁਦੇ ਅਧੁਕਲਾਥੋਟਮ (ਸਾਡਾ ਕਿਚਨ ਗਾਰਡਨ) | 409613 | 2014 |
| ਕ੍ਰਿਸ਼ੀਭੂਮੀ (ਖੇਤੀ ਦੀ ਜ਼ਮੀਨ) | 391139 | 2014 |
| ਕ੍ਰਿਸ਼ਿਕਾ ਵਿਪਾਨੀ (ਆਨਲਾਈਨ ਜੈਵਿਕ ਖੇਤੀ ਮੰਡੀ) | 153532 | 2014 |
| ਅਧੁਕਲਾਥੋਟਮ (ਕਿਚਨ ਗਾਰਡਨ) | 137333 | 2016 |

ਇਹਨਾਂ ਵਿੱਚੋਂ ਜ਼ਿਆਦਾਤਰ ਸਮੂਹ ਆਪਣਾ ਸਮਰਥਨ ਪੇਂਡੂ ਅਤੇ ਸ਼ਹਿਰੀ ਦੋਵੇਂ ਘਰੇਲੂ ਬਗੀਚੀਆਂ ਨੂੰ ਦਿੰਦੇ ਹਨ, ਪਰ ਇਹ ਜਗ੍ਹਾਂ ਅਤੇ ਸ੍ਰੋਤਾਂ ਦੀ ਕਮੀ ਵਾਲੇ ਸ਼ਹਿਰੀ ਨਿਵਾਸੀਆਂ ਲਈ ਵੱਡੇ ਪੱਧਰ 'ਤੇ ਲਾਭਦਾਇਕ ਹੁੰਦੇ ਹਨ। ਹਾਲਾਂਕਿ ਕੁੱਝ ਅਜਿਹੇ ਫੇਸਬੁੱਕ ਸਮੂਹ ਵੀ ਹਨ ਜੋ ਮੁੱਖ ਤੌਰ 'ਤੇ ਸ਼ਹਿਰੀ ਬਗੀਚੀ ਕਰਨ ਵਾਲਿਆਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਦਾ ਇਰਾਦਾ ਰੱਖਦੇ ਹਨ। ਕੁੱਝ ਸਮੂਹ ਇਹਨਾਂ ਬਗੀਚੀ ਕਰਨ ਵਾਲਿਆਂ ਦੇ ਵਾਧੂ ਉਤਪਾਦਨ ਨੂੰ ਵੇਚਣ ਲਈ ਸਥਾਨ ਮੁਹੱਈਆ ਕਰਵਾਉਣ ਵਿੱਚ ਮੱਦਦ ਕਰਦੇ ਹਨ। ਕੋਰੋਨਾ ਮਹਾਂਮਾਰੀ ਦੇ ਆਉਣ ਤੋਂ ਪਹਿਲਾਂ ਤੱਕ, ਇਹਨਾਂ ਵਿੱਚੋਂ ਕਈ ਸਮੂਹਾਂ ਨੇ ਆਪਣੇ ਨੈੱਟਵਰਕ ਨੂੰ ਹੋਰ ਮਜਬੂਤ ਬਣਾਉਣ ਲਈ ਸਾਲਾਨਾ ਵਿਅਕਤੀਗਤ ਮੀਟਿੰਗਾਂ ਦਾ ਵੀ ਆਯੋਜਨ ਕੀਤਾ ਸੀ।

**ਇੱਕ ਦੂਜੇ ਤੋਂ ਸਿੱਖਣਾ** : ਘਰੇਲੂ ਬਗੀਚੀ ਸ਼ੁਰੂ ਕਰਨ ਦੇ ਸ਼ੁਰੂਆਤੀ ਦਿਨਾਂ ਵਿੱਚ ਜ਼ਿਆਦਾਤਰ ਲੋਕਾਂ ਨੂੰ ਬਗੀਚੀ ਸ਼ੁਰੂ ਕਰਨ ਅਤੇ ਸਬਜ਼ੀਆਂ ਦੀ ਖੇਤੀ ਕਿਵੇਂ ਕਰਨੀ ਹੈ, ਇਸ ਸੰਬੰਧੀ ਪ੍ਰੇਸ਼ਾਨੀ ਆਉਂਦੀ ਹੈ ਅਤੇ ਕੋਈ ਅਜਿਹੀ ਵਿਵਸਥਾ ਵੀ ਨਹੀਂ ਹੁੰਦੀ ਜੋ ਓਹਨਾਂ ਦੇ ਇਸ ਸੰਬੰਧੀ ਸਾਰੇ ਸਵਾਲਾਂ ਦੇ ਜਵਾਬ ਦੇ ਸਕੇ। ਫੇਸਬੁੱਕ ਸਮੂਹ ਜ਼ਿਆਦਾਤਰ ਲੋਕਾਂ ਲਈ ਸਹੀ ਵਿਕਲਪ ਸੀ ਕਿਉਂਕਿ ਇਸ ਨਾਲ ਓਹਨਾਂ ਦੇ ਕੰਮ ਉੱਪਰ ਕੋਈ ਅਸਰ ਨਹੀਂ ਪੈਂਦਾ। ਇਸਦੇ ਨਾਲ ਹੀ ਓਹਨਾਂ ਨੂੰ ਇੱਕ ਮੰਚ ਉੱਪਰ ਹੀ ਮਾਹਿਰਾਂ ਦਾ ਮਾਰਗਦਰਸ਼ਨ ਮਿਲ ਜਾਂਦਾ ਹੈ ਜਿਸ ਵਿੱਚ ਵਿਗਿਆਨੀਆਂ ਦੇ ਨਾਲ-ਨਾਲ ਘਰੇਲੂ ਬਗੀਚੀ ਕਰਨ ਵਾਲੇ ਮਾਹਿਰ ਲੋਕ ਵੀ ਸਨ ਜੋ ਓਹਨਾਂ ਦੇ ਪ੍ਰਸ਼ਨਾਂ ਦਾ ਜਵਾਬ ਦਿੰਦੇ ਹਨ। ਇਹ ਸਮੂਹ ਜਲਦੀ ਹੀ ਇੱਕ ਦੂਜੇ ਦੀ ਜਾਣਕਾਰੀ ਅਤੇ ਤਜ਼ਰਬੇ ਤੋਂ ਸਿੱਖਣ ਦਾ ਇੱਕ ਮੰਚ ਬਣ ਗਏ।

ਇਹਨਾਂ ਸਮੂਹਾਂ ਵਿੱਚ ਉਹ ਘਰੇਲੂ ਬਗੀਚੀ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਪ੍ਰਸ਼ਨ ਪੋਸਟ ਕਰਦੇ ਹਨ ਅਤੇ ਲੋਕ ਉਹਨਾਂ ਦਾ ਜਵਾਬ ਦਿੰਦੇ ਹਨ। ਆਮ ਚਰਚਾਵਾਂ ਵਿੱਚ ਖੇਤੀ ਪਰਿਸਥਿਤਕੀ ਦੇ ਤਰੀਕੇ , ਫਸਲ ਪ੍ਰਬੰਧਨ ਲਈ ਘਰੇਲੂ ਖਾਦ-ਕੀਟਨਾਸ਼ਕ ਬਣਾਉਣਾ, ਕਾਸ਼ਤ ਲਈ ਜਗ੍ਹਾ ਅਤੇ ਸ੍ਰੋਤਾਂ ਦੀ ਬੱਚਤ ਦੇ ਨਵੇਂ ਤਰੀਕੇ ਆਦਿ ਸ਼ਾਮਲ ਰਹਿੰਦੇ ਹਨ। ਫਸਲ ਜਾਂ ਬਾਗਬਾਨੀ ਦੇ ਤਰੀਕਿਆਂ ਦੀਆਂ ਫ਼ੋਟੋਆਂ ਅਤੇ ਵੀਡੀਓ ਆਦਿ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਮੱਦਦ ਕਰਦੇ ਹਨ। ਸਫਲ ਸ਼ਹਿਰੀ ਬਗੀਚੀਆਂ ਦਾ ਦੌਰਾ ਕਰਨ ਨਾਲ ਵੀ ਬਾਗਬਾਨੀ ਦੇ ਨਵੇਂ ਤਰੀਕਿਆਂ ਅਤੇ ਤਕਨੀਕਾਂ ਨੂੰ ਸਮਝਣ ਵਿੱਚ ਕਾਫ਼ੀ ਮੱਦਦ ਮਿਲੀ ਹੈ। ਇਹ ਸਮੂਹ ਨਵੇਂ ਲੋਕਾਂ ਦੀ ਬਾਗਬਾਨੀ ਦੀਆਂ ਬੁਨਿਆਦੀ ਗੱਲਾਂ ਨੂੰ ਸਮਝਣ, ਬਾਹਰੀ ਉਤਪਾਦਾਂ 'ਤੇ ਘੱਟ ਨਿਰਭਰਤਾ, ਘੱਟ ਖ਼ਰਚੇ ਵਾਲੀਆਂ ਬਾਗਬਾਨੀ ਦੀਆਂ ਤਕਨੀਕਾਂ ਨੂੰ ਅਪਣਾਉਣਾ ਅਤੇ ਉਪਲਬਧ ਜਗ੍ਹਾ ਦਾ ਕੁਸ਼ਲਤਾ ਨਾਲ ਇਸਤੇਮਾਲ ਆਦਿ ਸਿਖਾਉਂਦੇ ਹਨ।

ਸ਼ਹਿਰੀ ਇਲਾਕਿਆਂ ਵਿੱਚ ਘਰੇਲੂ ਬਗੀਚੀ ਦੀ ਲਹਿਰ ਦੇ ਉਭਾਰ ਨੇ ਜਗ੍ਹਾ-ਸ੍ਰੋਤ ਕੁਸ਼ਲ ਘਰੇਲੂ ਬਗੀਚੀ ਦੀਆਂ ਗਤੀਵਿਧੀਆਂ ਲਈ ਨਵੀਂਆਂ ਤਕਨੀਕਾਂ ਦੇ ਵਿਕਾਸ ਲਈ ਇੱਕ ਮੰਚ ਤਿਆਰ ਕੀਤਾ। ਬਹੁਤ ਸਾਰੇ ਲੋਕਾਂ ਜਿੰਨਾਂ ਨੇ ਇਹ ਤਕਨੀਕਾਂ ਵਿਕਸਿਤ ਕੀਤੀਆਂ ਹਨ, ਉਹ ਮੁਫ਼ਤ ਵਿੱਚ ਫੇਸਬੁੱਕ ਉੱਪਰ ਬਾਕੀਆਂ ਨਾਲ ਇਹ ਸਾਂਝਾ ਕਰਦੇ ਹਨ ਜਦੋਂਕਿ ਕੁੱਝ ਹੋਰਾਂ ਨੂੰ ਇਹਨਾਂ ਸਮੂਹਾਂ ਰਾਹੀ ਆਪਣੀਆਂ ਤਕਨੀਕਾਂ ਲਈ ਸੰਭਾਵਿਤ ਖਰੀਦਦਾਰ ਮਿਲ ਜਾਂਦੇ ਹਨ।

**ਮੁਕਾਬਲੇਬਾਜ਼ੀ ਅਤੇ ਮਾਨਤਾ ਨੂੰ ਉਤਸ਼ਾਹਿਤ ਕਰਨਾ** : ਕੋਰੋਨਾ ਮਹਾਂਮਾਰੀ ਤੋਂ ਪਹਿਲਾਂ, ਬਹੁਤ ਸਾਰੇ ਫੇਸਬੁੱਕ ਸਮੂਹ ਘਰੇਲੂ ਬਗੀਚੀ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰੇ ਮੁਕਾਬਲੇ ਅਤੇ ਚੁਣੌਤੀਆਂ

ਆਯੋਜਿਤ ਕਰਦੇ ਸਨ। ਇਹ ਪਹਿਲ ਕਦਮੀਆਂ ਕਈ ਤਰ੍ਹਾਂ ਦੀਆਂ ਸਨ। ਉਹਨਾਂ ਨੇ ਉਪਲਬਧ ਸੀਮਿਤ ਜਗ੍ਹਾ ਵਿੱਚ ਜੈਵਿਕ ਤਰੀਕੇ ਨਾਲ ਵਿਭਿੰਨ ਪ੍ਰਕਾਰ ਦੀਆਂ ਸਬਜ਼ੀਆਂ ਉਗਾਉਣ ਦੇ ਨਵੇਂ ਨਵੇਂ ਤਰੀਕਿਆਂ ਨੂੰ ਪ੍ਰੋਤਸ਼ਾਹਿਤ ਕਰਨ ਉੱਪਰ ਆਪਣਾ ਧਿਆਨ ਕੇਂਦ੍ਰਿਤ ਕੀਤਾ। ਮੁਕਾਬਲੇ/ਚੁਣੌਤੀ ਦੇ ਸਮੇਂ ਦੌਰਾਨ, ਪ੍ਰਤਿਭਾਗੀ ਪਹਿਲੇ ਦਿਨ ਤੋਂ ਲੈ ਕੇ ਕਟਾਈ ਵਾਲੇ ਦਿਨ ਤੱਕ ਦੀਆਂ ਸਾਰੀਆਂ ਫ਼ੋਟੋਆਂ ਵਿਸਤਾਰ ਨਾਲ ਸਾਂਝਾ ਕਰਦੇ ਹਨ। ਕੁੱਝ ਮੁਕਾਬਲਿਆਂ ਲਈ ਸਮੂਹ ਦੀਆਂ ਆਹਮੋ-ਸਾਹਮਣੇ ਮੀਟਿੰਗਾਂ ਵਿੱਚ ਇਨਾਮ ਵੰਡੇ ਜਾਂਦੇ ਹਨ।

ਇਸਨੂੰ ਇੱਕ ਤਿਓਹਾਰ ਦਾ ਰੰਗ ਦੇਣ ਲਈ, ਇਹਨਾਂ ਨੂੰ ਕੇਰਲ ਦੇ ਤਿਓਹਾਰਾਂ ਖਾਸ ਕਰਕੇ ਓਨਮ ਜੋ ਕਿ ਵਾਢੀ ਨਾਲ ਸੰਬੰਧਿਤ ਤਿਓਹਾਰ ਹੈ, ਦੇ ਨਾਲ ਆਯੋਜਿਤ ਕੀਤਾ ਜਾਂਦਾ ਹੈ ਤਾਂਕਿ ਲੋਕ ਉਸ ਸੁਰੱਖਿਅਤ ਭੋਜਨ ਦਾ ਵੀ ਆਨੰਦ ਮਾਣ ਸਕਣ। ਇਹਨਾਂ ਮੁਕਾਬਲਿਆਂ ਦੇ ਨਾਮ ਕੇਰਲ ਦੇ ਸੱਭਿਆਚਾਰ ਨਾਲ ਜੋੜ ਕੇ ਵੀ ਰੱਖੇ ਜਾਂਦੇ ਹਨ ਜਿਵੇਂ ਸਾਂਬਰ ਚੁਣੌਤੀ, ਓਨਾਥਿਨੂ ਓਰੂ ਮੁਰਮ ਪੱਚਾਕਰੀ (ਓਨਮ ਲਈ ਸਬਜ਼ੀਆਂ ਦੀ ਇੱਕ ਡਿਸ਼) । ਇਹ ਮੁਕਾਬਲੇ ਜਾਂ ਤਾਂ ਇੱਕ ਖਾਸ ਸਮੂਹ ਦੁਆਰਾ ਜਾਂ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਦੁਆਰਾ ਸਭ ਫੇਸਬੁੱਕ ਖੇਤੀ ਸਮੂਹਾਂ ਵਿਚਕਾਰ ਆਯੋਜਿਤ ਕੀਤੇ ਜਾਂਦੇ ਹਨ।

ਇੱਕ ਫੇਸਬੁੱਕ ਮੁਕਾਬਲਾ ਓਨਾਥਿਨੂ ਓਰੂ ਮੁਰਮ ਜਿਸਨੂੰ ਕਿ ਇੱਕ ਸਰਕਾਰੀ ਖੇਤੀਬਾੜੀ ਅਧਿਕਾਰੀ ਪੀ.ਸੀ. ਹਰੀਕੁਮਾਰ ਦੁਆਰਾ 2016 ਵਿੱਚ ਸ਼ੁਰੂ ਕੀਤਾ ਗਿਆ ਸੀ, ਨੂੰ ਬਾਅਦ ਵਿੱਚ ਮੁੱਖ ਧਾਰਾ ਵਿੱਚ ਸ਼ਾਮਲ ਕਰ ਲਿਆ ਗਿਆ। ਦਸ ਸਾਲਾਂ ਤੋਂ ਖ਼ੁਦ ਇੱਕ ਘਰੇਲੂ ਬਗੀਚੀ ਲਗਾਉਣ ਕਰਕੇ ਹਰੀਕੁਮਾਰ ਕੇਰਲ ਸੂਬੇ ਵਿੱਚ ਘਰੇਲੂ ਬਗੀਚੀ ਨੂੰ ਪ੍ਰੋਤਸਾਹਨ ਦੇਣ ਦੇ ਮਹੱਤਵ ਨੂੰ ਸਮਝਦੇ ਸਨ। ਉਸਦੇ ਅਨੁਸਾਰ ਓਹਨਾਂ ਨੇ ਸਰਕਾਰ ਲਈ ਇੱਕ ਪ੍ਰਸਤਾਵ ਤਿਆਰ ਕੀਤਾ ਜੋ ਕਿ ਜਲਦੀ ਹੀ ਸਵੀਕਾਰ ਕਰ ਲਿਆ ਗਿਆ। ਇਸ ਤਰ੍ਹਾ ਉਹ ਇਸਨੂੰ ਮੁੱਖਧਾਰਾ ਵਿੱਚ ਲਿਆਉਣ ਵਿੱਚ ਸਫਲ ਹੋ ਗਏ ਅਤੇ ਇਸਨੂੰ ਸਰਕਾਰੀ ਪ੍ਰੋਗਰਾਮਾਂ ਵਿੱਚ ਸ਼ਾਮਲ ਕਰ ਲਿਆ ਗਿਆ।

***(ਦੇਖੋ ਬਾਕਸ 1)***

### ਬਾਕਸ 1 : ਓਨਾਥਿਨੂ ਓਰੂ ਮੁਰਮ ਪੱਚਕਾਰੀ

**ਸਭ ਫੇਸਬੁੱਕ ਸਮੂਹਾਂ ਦਰਮਿਆਨ ਕੀਤਾ ਗਿਆ ਓਨਾਥਿਨੂ ਓਰੂ ਮੁਰਮ ਮੁਕਾਬਲਾ ਪੀ ਸੀ ਹਰੀਕੁਮਾਰ ਉਰਫ਼ ਹਰੀਕੁਮਾਰ ਮਾਵੇਲੀਕਾਰਾ ਦੇ ਦਿਮਾਗ ਦੀ ਉਪਜ ਹੈ। ਓਹਨਾਂ ਨੇ ਲੋਕਾਂ ਨੂੰ ਤਿਓਹਾਰ ਦੇ ਸੀਜ਼ਨ ਤੋਂ ਪਹਿਲਾਂ ਯੋਜਨਾ ਬਣਾਉਣ ਲਈ ਪ੍ਰੋਤਸ਼ਾਹਿਤ ਕੀਤਾ ਤਾਂਕਿ ਉਹਨਾਂ ਨੂੰ ਆਪਣੀ ਘਰੇਲੂ ਬਗੀਚੀ ਤੋਂ ਚੰਗੀ ਮਾਤਰਾ ਵਿੱਚ ਸਬਜ਼ੀਆਂ ਮਿਲ ਸਕਣ।**

**2015 ਵਿੱਚ ਹਰੀਕੁਮਾਰ ਨੇ ਸਬਜ਼ੀਆਂ ਦੀ ਬਿਜਾਈ ਸ਼ੁਰੂ ਹੋਣ ਤੋਂ ਇੱਕ ਮਹੀਨਾ ਪਹਿਲਾਂ ਇਹ ਚੁਣੌਤੀ ਫੇਸਬੁੱਕ ਸਮੂਹ ਵਿੱਚ ਪੋਸਟ ਕੀਤੀ। ਓਨਮ ਤੋਂ ਲਗਭਗ 80-90 ਦਿਨ ਪਹਿਲਾਂ ਬਿਜਾਈ ਦੀ ਯੋਜਨਾ ਸੀ ਤਾਂ ਜੋ ਓਨਮ ਦੇ ਪੂਰੇ ਸਮੇਂ ਲੋੜੀਂਦੀ ਮਾਤਰਾ ਵਿੱਚ ਸਬਜ਼ੀਆਂ ਦਾ ਉਤਪਾਦਨ ਕੀਤਾ ਜਾ ਸਕੇ। ਇੱਕ ਵਾਰ ਜਦੋਂ ਇਹ ਸ਼ੁਰੂ ਹੋਇਆ , ਤਾਂ ਉਹਨਾਂ ਨੇ ਹਰ ਹਫ਼ਤੇ ਬਾਗਬਾਨੀ ਸੰਬੰਧੀ ਸੁਝਾਅ ਅਤੇ ਤਕਨੀਕਾਂ ਬਾਰੇ ਸਮੂਹਾਂ ਵਿੱਚ ਸਾਂਝਾ ਕੀਤਾ ਜਿਵੇਂ ਸਬਜ਼ੀਆਂ ਦੀ ਦੇਖਭਾਲ ਕਿਵੇਂ ਕਰੀਏ ਆਦਿ। ਕਾਸ਼ਤ ਦੇ ਪੂਰੇ ਸਮੇਂ ਦੌਰਾਨ, ਬਿਜਾਈ ਤੋਂ ਲੈ ਕੇ ਵਾਢੀ ਤੱਕ, ਦਿਲਚਸਪੀ ਰੱਖਣ ਵਾਲੇ ਲੋਕਾਂ ਨੇ ਆਪਣੇ ਬਗੀਚੀ ਦੀਆਂ ਹਰ ਹਫ਼ਤੇ ਜਾਂ ਰੋਜ਼ਾਨਾ ਦੇ ਆਧਾਰ 'ਤੇ ਫ਼ੋਟੋਆਂ ਸਾਂਝੀਆਂ ਕੀਤੀਆਂ। 2015 ਵਿੱਚ ਹਰੀਕੁਮਾਰ ਦੇ ਅਨੁਸਾਰ ਲਗਭਗ 15 ਹਜਾਰ ਪਰਿਵਾਰਾਂ ਨੇ ਇਸ ਵਿੱਚ ਹਿੱਸਾ ਲਿਆ। ਇਹ ਚੁਣੌਤੀ ਫੇਸਬੁੱਕ 'ਤੇ ਲਗਾਤਰ ਤਿੰਨ ਸਾਲ ਤੱਕ ਜਾਰੀ ਰੱਖੀ ਗਈ ਅਤੇ ਇਸੇ ਤਰ੍ਹਾ ਦੀ ਹੀ ਚੁਣੌਤੀ ਸਬਜ਼ੀਆਂ ਦੀ ਵਾਧੂ ਜਰੂਰਤ ਨੂੰ ਪੂਰਾ ਕਰਨ ਲਈ ਵਿਸ਼ੂ ਤਿਓਹਾਰ ਦੇ ਨੇੜੇ ਵੀ ਰੱਖੀ ਗਈ।**

**2016 ਵਿੱਚ, ਇਸ ਚੁਣੌਤੀ ਨੂੰ ਸੋਸ਼ਲ ਮੀਡੀਆ ਤੋਂ ਵੀ ਅੱਗੇ ਲੈ ਕੇ ਜਾਣ ਬਾਰੇ ਸੋਚ ਕੇ ਹਰੀਕੁਮਾਰ ਨੇ ਇੱਕ ਪ੍ਰਸਤਾਵ ਤਿਆਰ ਕੀਤਾ ਅਤੇ ਤ੍ਰਿਸ਼ੂਰ ਵਿਖੇ ਫੇਸਬੁੱਕ ਸਮੂਹਾਂ ਦੀ ਮੀਟਿੰਗ ਦੌਰਾਨ ਮੰਤਰੀ ਨਾਲ ਇਸ ਬਾਰੇ ਚਰਚਾ ਕੀਤੀ। ਬਾਅਦ ਵਿੱਚ 2017 ਵਿੱਚ, ਰਾਜ ਸਰਕਾਰ ਨੇ ਵੀਡੀਪੀ ਅਧੀਨ ਇਸ ਮੁਕਾਬਲੇ ਨੂੰ ਇੱਕ ਘਟਕ ਵਜੋਂ ਸ਼ਾਮਿਲ ਕਰ ਲਿਆ ਗਿਆ ਤਾਂਕਿ ਓਨਮ ਤਿਓਹਾਰ ਦੌਰਾਨ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਦੇ ਉਤਪਾਦਨ ਦੇ ਮਿੱਥੇ ਟੀਚੇ ਨੂੰ ਪੂਰਾ ਕੀਤ ਜਾ ਸਕੇ। ਇਸ ਖਾਸ ਮੁਹਿੰਮ ਦੌਰਾਨ ਸਕੂਲ ਜਾਣ ਵਾਲੇ ਬੱਚਿਆਂ, ਕਿਸਾਨਾਂ, ਘਰਾਂ ਵਿੱਚ ਮੀਡੀਆ ਆਦਿ ਰਾਹੀ ਬੀਜਾਂ ਦੀਆਂ ਕਿੱਟਾਂ ਨੂੰ ਮੁਫ਼ਤ ਵਿੱਚ ਵੰਡਿਆ ਗਿਆ। ਬੀਜ ਕਿੱਟਾਂ ਦੇ ਇਲਾਵਾ, ਕ੍ਰਿਸ਼ੀ ਭਵਨਾਂ ਰਾਹੀ ਸਬਜੀਆਂ ਦੀ ਪਨੀਰੀ ਅਤੇ ਬੂਟੇ ਸਬਸਿਡੀ ਵਾਲੀਆਂ ਕੀਮਤਾਂ ਉੱਪਰ ਵੰਡੇ ਗਏ। ਇਹ ਮੁਕਾਬਲਾ ਅੱਜ ਵੀ ਵੀਡੀਪੀ ਪ੍ਰਸਗਰਾਮ ਦਾ ਇੱਕ ਹਿੱਸਾ ਹੈ।**

**ਸ੍ਰੋਤ : : https://keralaagriculture.gov.in/wp-content/uploads/021/06/ Final-VDP-2021-22-Working-Instructions.pdf**

**ਇਨਪੁਟਸ ਨੂੰ ਇੱਕ ਦੂਸਰੇ ਨਾਲ ਸਾਂਝਾ ਕਰਨਾ ਅਤੇ ਅਦਾਨ-ਪ੍ਰਦਾਨ ਕਰਨਾ :** ਫੇਸਬੁੱਕ ਸਮੂਹਾਂ ਨੇ ਬਾਗਬਾਨੀ ਵਿੱਚ ਕੰਮ ਆਉਣ ਵਾਲੀ ਸਮੱਗਰੀ ਖ਼ਾਸ ਕਰਕੇ ਬੀਜਾਂ ਅਤੇ ਪਨੀਰੀ ਨੂੰ ਆਪਸ ਵਿੱਚ ਸਾਂਝਾ ਅਤੇ ਅਦਾਨ-ਪ੍ਰਦਾਨ ਕਰਨ ਦਾ ਸੱਭਿਆਚਾਰ ਸ਼ੁਰੂ ਕੀਤਾ। ਬਾਗਬਾਨੀ ਕਰਨ ਵਾਲੇ ਜ਼ਿਆਦਾਤਰ ਸਬਜ਼ੀਆਂ ਦੀਆਂ ਰਵਾਇਤੀ ਅਤੇ ਸਥਾਨਕ ਕਿਸਮਾਂ ਨੂੰ ਤਰਜੀਹ ਦਿੰਦੇ ਹਨ ਜਿੰਨ੍ਹਾਂ ਦੇ ਬੀਜ ਆਸਾਨੀ ਨਾਲ ਬਾਜ਼ਾਰ ਵਿੱਚ ਨਹੀਂ ਮਿਲਦੇ। ਫੇਸਬੁੱਕ ਸਮੂਹ ਇਹਨਾਂ ਕਿਸਮਾਂ ਦੇ ਬੀਜਾਂ ਦੀ ਸੰਭਾਲ ਅਤੇ ਵਿਤਰਣ ਦੀ ਸੁਵਿਧਾ ਦਿੰਦੇ ਹਨ। ਡਾਕ ਸੁਵਿਧਾ ਰਹੀ ਪੂਰਾ ਸਾਲ ਬੀਜਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਜਿੰਨਾਂ ਕੋਲ ਵਾਧੂ ਬੀਜ ਹੁੰਦੇ ਹਨ, ਉਹ ਓਹਨਾਂ ਦੀ ਸੂਚੀ ਫੇਸਬੁੱਕ ਸਮੂਹਾਂ ਵਿੱਚ ਸਾਂਝਾ ਕਰਦੇ ਹਨ ਅਤੇ ਜੇਕਰ ਕਿਸੇ ਨੂੰ ਬੀਜਾਂ ਦੀ ਜਰੂਰਤ ਹੁੰਦੀ ਹੈ ਤਾਂ ਉਹ ਇੱਕ ਲਿਫ਼ਾਫੇ ਵਿੱਚ ਟਿਕਟ ਲੱਗਿਆ ਇੱਕ ਹੋਰ ਲਿਫ਼ਾਫਾ ਅਤੇ ਜੋ ਬੀਜ ਚਾਹੀਦੇ ਹੁੰਦੇ ਹਨ, ਉਹਨਾਂ ਬੀਜਾਂ ਦੀ ਸੂਚੀ ਪਾ ਕੇ ਭੇਜ ਦਿੰਦੇ ਹਨ। ਇਸ ਤਰ੍ਹਾ ਜੋ ਵਿਅਕਤੀ ਬੀਜ ਵੰਡ ਰਿਹਾ ਹੁੰਦਾ ਹੈ, ਉਸ ਉੱਪਰ ਕਿਸੇ ਵਾਧੂ ਖ਼ਰਚ ਦਾ ਬੋਝ ਨਹੀਂ ਪੈਂਦਾ। ਕੁੱਝ ਸਮੂਹ 'ਬੀਜ ਬੈਂਕ' ਵੀ ਚਲਾਉਂਦੇ ਹਨ ਤਾਂਕਿ ਜਿੰਨਾਂ ਕੋਲ ਵਾਧੂ ਬੀਜ ਹਨ ਉਹ ਓਹਨਾਂ ਬੀਜਾਂ ਨੂੰ ਬੀਜ ਬੈਂਕ ਵਿੱਚ ਭੇਜ ਸਕਣ। ਪਨੀਰੀ ਅਤੇ ਹੋਰ ਸਮੱਗਰੀ ਦਾ ਆਦਾਨ-ਪ੍ਰਦਾਨ ਮੁੱਖ ਤੌਰ 'ਤੇ ਵਿਅਕਤੀਗਤ ਮੁਲਾਕਾਤ ਦੌਰਾਨ ਕੀਤਾ ਜਾਂਦਾ ਹੈ। ਵਿਅਕਤੀਗਤ ਮੀਟਿੰਗਾਂ ਤੋਹਫ਼ਿਆਂ ਅਤੇ ਆਦਾਨ-ਪ੍ਰਦਾਨ ਰਾਹੀ ਇਹਨਾਂ ਸਮੂਹਾਂ ਦਰਮਿਆਨ ਮਿੱਤਰਤਾ ਅਤੇ ਸੰਬੰਧਾਂ ਨੂੰ ਹੋਰ ਮਜਬੂਤ ਬਣਾਉਣ ਦਾ ਮੌਕਾ ਪ੍ਰਦਾਨ ਕਰਦੇ ਹਨ।

**ਕਿਸਾਨਾਂ ਅਤੇ ਗ੍ਰਾਹਕਾਂ ਨੂੰ ਜੋੜਨ ਲਈ ਫੇਸਬੁੱਕ ਆਧਾਰਿਤ ਬਾਜ਼ਾਰ :** ਕੀ ਕਰੀਏ ਜਦੋਂ ਬਾਗਬਾਨੀ ਕਰਨ ਵਾਲੇ ਆਪਣਾ ਵਾਧੂ ਉਤਪਾਦ ਵੇਚਣਾ ਚਾਹੁਣ? ਘਰੇਲੂ ਬਾਗਬਾਨੀ ਲਹਿਰ ਦੇ ਸ਼ੁਰੂਆਤੀ ਵਰ੍ਹਿਆਂ ਦੌਰਾਨ, ਖ਼ਾਸ ਕਰਕੇ ਉਦੋਂ ਜਦੋਂ ਹਰ ਕੋਈ ਆਪਣਾ ਵ੍ਹਾਧੂ ਉਤਪਾਦਨ ਸਿਰਫ ਇੱਕ ਦੂਜੇ ਨਾਲ ਸਾਂਝਾ ਕਰਨਾ ਚਾਹੁੰਦੇ ਸਨ, ਇਹ ਪ੍ਰਸ਼ਨ ਜ਼ਿਆਦਾਤਰ ਲਈ ਹੈਰਾਨ ਕਰ ਦੇਣ ਵਾਲਾ ਸੀ। 'ਆਨਲਾਈਨ ਜੈਵਿਕ ਖੇਤੀ ਬਾਜ਼ਾਰ' ਨਾਮ ਦੇ ਫੇਸਬੁੱਕ ਸਮੂਹ ਨੇ ਇਹ ਵਿਚਾਰ ਤ੍ਰਿਸ਼ੂਰ ਨਗਰ ਨਿਗਮ ਦੇ ਸਾਹਮਣੇ ਰੱਖਿਆ। ਤ੍ਰਿਸ਼ੂਰ ਸ਼ਹਿਰ ਦੇ ਸ਼ਕੂਲ ਦੇ ਵਿਹੜੇ ਵਿੱਚ ਹਰ ਹਫ਼ਤੇ ਐਤਵਾਰ ਨੂੰ ਬਾਜ਼ਾਰ ਦੀ ਸ਼ੁਰੂਆਤ ਕੀਤੀ ਗਈ ਤਾਂਕਿ ਕਿਸਾਨ, ਜ਼ਿਆਦਾਤਰ ਘਰੇਲੂ ਬਗੀਚੀ ਕਰਨ ਵਾਲੇ ਆਪਣਾ ਸਮਾਨ ਬਿਨਾਂ ਵਿਚੋਲੀਏ ਦੇ ਸਿੱਧਾ ਗ੍ਰਾਹਕਾਂ ਨੂੰ ਵੇਚ ਸਕਣ। ਬਾਅਦ ਵਿੱਚ ਓਹਨਾਂ ਨੇ ਇਹ ਬਾਜ਼ਾਰ ਨੇੜੇ ਦੇ ਕਲੱਬ ਵਿੱਚ ਸ਼ਿਫਟ ਕਰ ਲਿਆ ਅਤੇ ਹਰ ਸ਼ਨੀਵਾਰ ਨੂੰ ਕਿਸਾਨਾਂ ਦੇ ਨਾਮ ਅਤੇ ਉਹਨਾਂ ਕੋਲ ਉਪਲਬਧ ਉਤਪਾਦਾਂ ਦੀ ਜਾਣਕਾਰੀ ਫੇਸਬੁੱਕ ਉੱਪਰ ਸਾਂਝੀ ਕਰ ਦਿੱਤੀ ਜਾਂਦੀ ਸੀ।



**ਸ਼ਹਿਰੀ ਘਰ ਵਿੱਚ ਘੱਟ ਕੀਮਤ ਵਾਲੀ ਸਬਜ਼ੀਆਂ ਦੀ ਬਗੀਚੀ**

*ਨਾਟੂਚੰਤਾ* - ਜੈਵਿਕ ਉਤਪਾਦਾਂ ਲਈ ਇੱਕ ਬਾਜ਼ਾਰ ਵਿਕਸਿਤ ਕੀਤਾ ਗਿਆ। ਹਫ਼ਤਾਵਾਰੀ ਬਾਜ਼ਾਰ ਜਿਸਨੂੰ ਨਾਟੂਚੰਤਾ ਦਾ ਨਾਮ ਦਿੱਤ ਗਿਆ, ਵਿੱਚ ਸ਼ਹਿਰੀ ਅਤੇ ਪੇਰੀ ਸ਼ਹਿਰੀ ਖੇਤਰ ਦੇ ਕਿਸਾਨ ਆਪਣਾ ਜੈਵਿਕ ਉਤਪਾਦ ਸਿੱਧਿਆਂ ਗ੍ਰਾਹਕਾਂ ਨੂੰ ਵੇਚਦੇ ਸਨ ਅਤੇ ਇਸ ਵਿੱਚ ਗ੍ਰਾਹਕਾਂ ਨੂੰ ਵੀ ਸਿੱਧੇ ਆਪਣੇ ਕਿਸਾਨ ਨੂੰ ਜਾਣਨ ਦਾ ਮੌਕਾ ਦਿੱਤਾ ਗਿਆ। ਇਹ ਬਾਜ਼ਾਰ ਫੇਸਬੁੱਕ ਸਮੂਹ 'ਕ੍ਰਿਸ਼ਿਕਾ ਵਿਪਨੀ ਆਨਲਾਈਨ ਖੇਤੀ ਬਾਜ਼ਾਰ' ਦੁਆਰਾ ਸ਼ੁਰੂ ਕੀਤ ਗਿਆ ਅਤੇ ਆਪਣੇ ਉਤਪਾਦਾਂ ਨੂੰ ਇਸ ਬਾਜ਼ਾਰ ਵਿੱਚ ਵੇਚਣ ਵਿੱਚ ਦਿਲਚਸਪੀ ਰੱਖਣ ਵਾਲੇ ਕਿਸਾਨ ਸਿੱਧੇ ਇਸ ਸਮੂਹ ਦੇ ਸੰਚਾਲਕਾਂ ਨਾਲ ਸੰਪਰਕ ਕਰਦੇ ਹਨ। ਜੇਕਰ ਉਹ ਸੁਰੱਖਿਆ ਪ੍ਰਕ੍ਰਿਆ ਪਾਸ ਕਰਨ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਹ ਹਰ ਹਫ਼ਤੇ ਸੰਚਾਲਕਾਂ ਨੂੰ ਹਰ ਵਾਰ ਬਾਜ਼ਾਰ ਵਿੱਚ ਉਹਨਾਂ ਦੁਆਰਾ ਲਿਆਂਦੇ ਉਤਪਾਦਾਂ ਦੀ ਜਾਣਕਾਰੀ ਸਾਂਝਾ ਕਰਦੇ ਹਨ। ਇਸ ਤੋਂ ਬਾਅਦ ਸਮੂਹ ਦੇ ਸੰਚਾਲਕ ਇਹ ਸਭ ਜਾਣਕਾਰੀ ਹਰ ਸ਼ਨੀਵਾਰ ਸ਼ਾਮ ਨੂੰ ਆਪਣੇ ਸਮੂਹ ਵਿੱਚ

ਸਾਂਝਾ ਕਰਦੇ ਹਨ ਕਿ ਕਿਹੜੇ-ਕਿਹੜੇ ਉਤਪਾਦ ਇਸ ਵਾਰ ਬਾਜ਼ਾਰ ਵਿੱਚ ਮਿਲਣਗੇ (ਸਿਰਫ਼ ਕੋਰੋਨਾ ਮਹਾਂਮਾਰੀ ਦੌਰਾਨ ਲਾਕਡੌਨ ਕਾਰਨ ਇਹ ਬਾਜ਼ਾਰ ਨਹੀਂ ਲੱਗ ਸਕਿਆ)। ਇਹ ਸਭ ਇਲਾਕੇ ਦੇ ਲੋਕਾਂ ਦੀ ਬਾਜ਼ਾਰ ਵਿੱਚ ਜਾ ਕੇ ਖਰੀਦਦਾਰੀ ਕਰਨ ਵਿੱਚ ਮੱਦਦ ਕਰਦੇ ਹਨ ਕਿਉਂਕਿ ਉਹਨਾਂ ਕੋਲ ਪਹਿਲਾਂ ਹੀ ਉਤਪਾਦਾਂ ਦੀ ਜਾਣਕਾਰੀ ਰਹਿੰਦੀ ਹੈ।

ਹਾਲਾਂਕਿ ਸੁਰੱਖਿਆ ਪ੍ਰਕ੍ਰਿਆ ਕਾਫ਼ੀ ਸਖ਼ਤ ਹੈ। ਵਿਚਾਰ ਚਰਚਾ ਅਤੇ ਬਗੀਚੀ ਦੇ ਦੌਰੇ ਰਾਹੀ ਆਯੋਜਕ ਇਹ ਯਕੀਨੀ ਬਣਾਉਂਦੇ ਹਨ ਕਿ ਖੇਤੀ ਵਿੱਚ ਸਿਰਫ਼ ਜੈਵਿਕ ਖਾਦਾਂ ਅਤੇ ਕੀਟਨਾਸ਼ਕਾਂ ਦਾ ਹੀ ਇਸਤੇਮਾਲ ਹੋਵੇ ਅਤੇ ਜੈਵਿਕ ਖਾਦਾਂ ਦੇ ਨਾਲ ਕਿਸੇ ਵੀ ਤਰ੍ਹਾ ਦੇ ਰਸਾਇਣਿਕ ਕੀਟਨਾਸ਼ਕ ਜਾਂ ਖਾਦ ਨਾ ਵਰਤਿਆ ਹੋਵੇ ਜਿਵੇਂ ਕਿ ਕੁੱਝ ਮਾਮਲਿਆਂ ਵਿੱਚ ਦੇਖਣ ਨੂੰ ਆਇਆ ਸੀ।



**ਪੌਦੇ ਉਗਾਉਣ ਲਈ ਕੈਨ ਦੀ ਮੁੜ ਵਰਤੋਂ**

ਉਤਪਾਦ ਭਰੋਸੇਯੋਗ ਹਨ ਅਤੇ ਉਹਨਾਂ ਬਾਰੇ ਆਸਾਨੀ ਨਾਲ ਸਾਰੀ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਉਤਪਾਦਕ, ਜੋ ਖੁਦ ਨੂੰ ਕਿਸਾਨ ਕਹਾਉਣਾ ਜ਼ਿਆਦਾ ਪਸੰਦ ਕਰਦੇ ਹਨ, ਖੁਦ ਹੀ ਆਪਣਾ ਉਤਪਾਦ ਗ੍ਰਾਹਕ ਨੂੰ ਸਿੱਧੇ ਵੇਚ ਦਿੰਦੇ ਹਨ ਜਿਸ ਨਾਲ ਗ੍ਰਾਹਕ ਦਾ ਉਹਨਾਂ ਨਾਲ ਸਿੱਧਾ ਸੰਪਰਕ ਬਣ ਜਾਂਦਾ ਹੈ। ਨਾਟੂਚੰਤਾ ਕਿਸਾਨਾਂ ਨੂੰ ਕੁੱਝ ਵਾਧੂ ਆਮਦਨੀ ਕਮਾਉਣ ਵਿੱਚ ਮੱਦਦ ਕਰਦਾ ਹੈ ਅਤੇ ਇਸਦੇ ਨਾਲ ਹੀ ਕਿਸਾਨਾਂ ਅਤੇ ਗ੍ਰਾਹਕਾਂ ਵਿਚਕਾਰ ਸਮਾਜਿਕ ਸੰਬੰਧਾਂ ਨੂੰਸਥਾਪਤ ਕਰਨ ਅਤੇ ਹੋਰ ਮਜਬੂਤ ਕਰਨ ਵਿੱਚ ਮੱਦਦ ਕਰਦਾ ਹੈ। ਇਸ ਬਾਜ਼ਾਰ ਵਿੱਚ ਸ਼ਹਿਰ ਦੀ ਹੱਦ ਨਾਲ ਲੱਗਦੇ ਇਲਾਕਿਆਂ ਤੋਂ ਵੀ

ਕਿਸਾਨ ਆਪਣਾ ਸਾਮਾਨ ਵੇਚਣ ਆਉਂਦੇ ਹਨ ਜਿੰਨਾਂ ਕੋਲ ਸ਼ਹਿਰੀ ਬਾਗਬਾਨੀ ਕਰਨ ਵਾਲਿਆਂ ਦੇ ਮੁਕਾਬਲੇ ਜ਼ਿਆਦਾ ਜ਼ਮੀਨ ਹੁੰਦੀ ਹੈ। ਹਾਲਾਂਕਿ ਕਿਸਾਨ ਆਪਣੇ ਕੋਲ ਵਾਧੂ ਉਤਪਾਦ ਦੀ ਛੋਟੀ ਜਿਹੀ ਮਾਤਰਾ ਵੀ ਵਿਕ੍ਰੀ ਲਈ ਲਿਆ ਸਕਦੇ ਹਨ, ਏਥੋ ਤੱਕ ਕਿ ਕੁੱਝ ਸਾਲ ਪਹਿਲਾਂ ਲੇਖਕ ਨੇ ਕਿਸਾਨਾਂ ਨੂੰ 200 ਗ੍ਰਾਮ ਤੱਕ ਉਤਪਾਦ ਲਿਆਉਂਦੇ ਦੇਖਿਆ ਹੈ। ਜਦੋਂ ਜੈਵਿਕ ਉਤਪਾਦਾਂ ਦੀ ਮੰਗ ਬਹੁਤ ਜ਼ਿਆਦਾ ਹੈ ਅਤੇ ਇਹਨਾਂ ਬਾਰੇ ਭਰੋਸਾ ਇੱਕ ਵੱਡੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ, ਉੱਥੇ ਹੀ ਫੇਸਬੁੱਕ ਸਮੂਹ ਦੁਆਰਾ ਆਯੋਜਿਤ ਤ੍ਰਿਸ਼ੂਰ ਸ਼ਹਿਰੀ ਨਾਟੂਚੰਤਾ ਵਿਸ਼ਵਾਸ ਦੇ ਆਧਾਰ ਉੱਪਰ ਹੀ ਕੰਮ ਕਰਦਾ ਹੈ ਜਿਸ ਨੂੰ ਜਦੋਂ ਚਾਹੇ ਪਰਖਿਆ ਜਾ ਸਕਦਾ ਹੈ। ਇਸ ਪਹਿਲ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਇਸਨੇ ਸ਼ਹਿਰੀ ਅਤੇ ਪੇਰੀ ਸ਼ਹਿਰੀ ਲੋਕਾਂ ਦੇ ਨਿੱਜੀ ਯਤਨਾਂ ਨੂੰ ਇੱਕ ਛੱਤਰੀ ਥੱਲੇ ਲੈ ਆਂਦਾ ਹੈ। ਸਾਲਾਂ ਦੌਰਾਨ, ਹੋਰਾਂ ਸਮੂਹਾਂ ਨੇ ਵੀ ਬਾਕੀ ਜਿਲ੍ਹਿਆਂ ਵਿੱਚ ਇਸ ਤਰ੍ਹਾਂ ਦੇ ਯਤਨ ਸ਼ੁਰੂ ਕੀਤੇ ਹਾਲਾਂਕਿ ਉਹਨਾਂ ਵਿੱਚੋਂ ਕੁੱਝ ਹੀ ਪੂਰੀ ਤਰ੍ਹਾ ਜੈਵਿਕ ਉਤਪਾਦਨ ਅਤੇ ਆਪਣੇ 'ਗ੍ਰਾਹਕ ਨੂੰ ਜਾਣਨ' ਦੇ ਪੱਖ ਉੱਪਰ ਪਕੜ ਬਣਾਈ ਰੱਖ ਸਕੇ।

ਸਭ ਤੋਂ ਪੁਰਾਣੇ ਅਤੇ ਲੋਕਪ੍ਰਿਅ ਸਮਾਚਾਰ ਪੱਤਰ ਮਾਤਰਭੂਮੀ ਡੇਲੀ ਨੇ ਫੇਸਬੁੱਕ ਸਮੂਹ ਕ੍ਰਿਸ਼ਿਕਾ ਵਿਪਨੀ ਜੈਵਿਕ ਖੇਤੀ ਬਾਜ਼ਾਰ ਦੁਆਰਾ ਤ੍ਰਿਸ਼ੂਰ ਵਿਖੇ ਸ਼ੁਰੂ ਕੀਤੇ ਨਟੂਚੰਤਾ ਬਾਜ਼ਾਰ ਬਾਰੇ ਆਪਣੇ ਅਖ਼ਬਾਰ ਵਿੱਚ ਲਿਖਿਆ । ਇਸ ਦੇ ਕਾਰਨ ਇਸ ਮੁਹਿੰਮ ਨੂੰ ਹੋਰ ਗਤੀ ਮਿਲੀ।

ਕੋਰੋਨਾ ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਬਾਅਦ, ਇਸ ਬਾਜ਼ਾਰ ਵਿੱਚ ਆਪਣੇ ਉਤਪਾਦ ਵੇਚਣ ਵਾਲੇ ਕਿਸਾਨਾਂ ਦੀ ਗਿਣਤੀ ਵਿੱਚ ਭਾਰੀ ਕਮੀ ਆਈ। ਮਹਾਂਮਾਰੀ ਤੋਂ ਪਹਿਲਾਂ ਜਿੱਥੇ 15-20 ਕਿਸਾਨ ਆਪਣੇ ਉਤਪਾਦ ਲੈ ਕੇ ਆ ਰਹੇ ਸਨ, ਉੱਥੇ ਹੀ ਲਾਕਡਾਊਨ ਤੋਂ ਬਾਅਦ ਇਹ ਗਿਣਤੀ ਸਿਰਫ਼ 6-8 ਰਹਿ ਗਈ। ਹਾਲਾਂਕਿ ਬਹੁਤ ਸਾਰੇ ਕਿਸਾਨ ਇਸ ਬਾਜ਼ਾਰ ਨਾਲ ਜੁੜਨ ਵਿੱਚ ਦਿਲਚਸਪੀ ਰੱਖਦੇ ਹਨ ਪਰ ਜ਼ਿਆਦਾਤਰ ਕਿਸਾਨ ਇਸ ਬਾਜ਼ਾਰ ਦੀ ਮੁੱਖ ਸ਼ਰਤ ਕਿ ਉਤਪਾਦ ਪੂਰੀ ਤਰ੍ਹਾਂ ਜੈਵਿਕ ਤਰੀਕੇ ਵਰਤ ਕੇ ਪੈਦਾ ਕੀਤੇ ਹੋਣੇ ਚਾਹਦੇ ਹਨ, ਨੂੰ ਪੂਰਾ ਕਰਨ ਵਿੱਚ ਸਫਲ ਨਹੀਂ ਰਹਿੰਦੇ। ਇਸ ਤੋਂ ਵੱਧ, ਇਹ ਬਾਜ਼ਾਰ ਕਿਸਾਨਾਂ ਲਈ ਵਾਧੂ ਆਮਦਨੀ ਦਾ ਸ੍ਰੋਤ ਹੈ ਨਾ ਕਿ ਮੁੱਖ ਆਮਦਨੀ ਦਾ। ਇਹ ਬਾਜ਼ਾਰ ਤ੍ਰਿਸ਼ੂਰ ਦੇ ਸਭ ਤੋਂ ਪੁਰਾਣੇ ਕਲੱਬਾਂ ਵਿੱਚੋਂ ਇੱਕ ਬਨਰਜੀ ਮੈਮੋਰੀਅਲ ਕਲੱਬ ਵਿੱਚ ਹਾਲੇ ਵੀ ਚੱਲਦਾ ਹੈ। ਸਿਰਫ ਕੋਰੋਨਾ ਸਮੇਂ ਲੱਗੇ ਲਾਕਡੌਨ ਦੌਰਾਨ ਇਹ ਬਾਜ਼ਾਰ ਬੰਦ ਰਿਹਾ। ਹਾਲਾਂਕਿ ਉਸ ਸਮੇਂ ਦੌਰਾਨ ਹੋਮ ਡਿਲੀਵਰੀ ਰਾਹੀ ਕਿਸਾਨਾਂ ਨੇ ਕੁੱਝ ਹੱਦ ਤੱਕ ਆਪਣੇ ਗ੍ਰਾਹਕਾਂ ਤੱਕ ਸਮਾਨ ਪਹੁੰਚਾਉਣ ਦਾ ਪ੍ਰਬੰਧ ਕੀਤਾ।

ਸਿਰਫ ਨਟੂਚੰਤਾ ਹੀ ਪੂਰੀ ਤਰ੍ਹਾ ਜੈਵਿਕ ਅਤੇ ਆਪਣੇ ਕਿਸਾਨ ਨੂੰ ਜਾਣੋ ਦੇ ਸਿਧਾਂਤ ਉੱਪਰ ਕੰਮ ਕਰ ਰਿਹਾ ਹੈ। ਨਹੀਂ ਤਾਂ ਜ਼ਿਆਦਾਤਰ ਫੇਸਬੁੱਕ ਸਮੂਹ ਜਿਸ ਵਿੱਚ ਕ੍ਰਿਸ਼ਿਕਾ ਵਿਪਨੀ ਆਨਲਾਈਨ ਖੇਤੀ ਬਾਜ਼ਾਰ ਵੀ ਸ਼ਾਮਿਲ ਹੈ ਆਪਣੇ ਮੈਂਬਰਾਂ ਨੂੰ ਸਮੂਹਾਂ ਵਿੱਚ ਪੋਸਟ ਕਰਕੇ ਗ੍ਰਾਹਕ ਲੱਭਣ (ਪੂਰੇ ਭਾਰਤ ਵਿੱਚ) ਦੀ ਆਗਿਆ ਦਿੰਦੇ ਹਨ ਪਰ ਇਹਨਾਂ ਸਮੂਹਾਂ ਦੇ ਸੰਚਾਲਕ ਇਹਨਾਂ ਉਤਪਾਦਾਂ ਦੀ ਗੁਣਵੱਤਾ ਯਕੀਨੀ ਬਣਾਉਣ ਬਾਰੇ ਕੋਈ ਜਾਣਕਾਰੀ ਨਹੀਂ ਲੈਂਦੇ। ਇਹ ਕੰਮ ਗ੍ਰਾਹਕਾਂ ਦੁਆਰਾ ਹੀ ਕੀਤਾ ਜਾਂਦਾ ਹੈ।

## ਚੁਣੌਤੀਆਂ

ਬਾਕੀ ਖੇਤਰਾਂ ਦੀ ਤਰ੍ਹਾ ਘਰੇਲੂ ਬਗੀਚੀ ਵਿੱਚ ਫੇਸਬੁੱਕ ਸਮੂਹਾਂ ਦੀ ਸ਼ਮੂਲੀਅਤ ਵੀ ਕੋਰੋਨਾ ਮਹਾਂਮਾਰੀ ਕਰਕੇ ਪ੍ਰਭਾਵਿਤ ਹੋਈ। ਵਿਅਕਤੀਗਤ ਮੀਟਿੰਗਾਂ ਲਗਭਗ ਖਤਮ ਹੋ ਗਈਆਂ, ਮੁਕਾਬਲੇ ਵੀ ਬੰਦ ਹੋ ਗਏ, ਬੀਜ ਬੈਂਕ ਅਤੇ ਬੀਜਾਂ ਦਾ ਅਦਾਨ-ਪ੍ਰਦਾਨ ਵੀ ਬਹੁਤ ਹੀ ਘੱਟ ਗਿਆ ਅਤੇ ਨਟੂਚੰਤਾ ਬਾਜ਼ਾਰ ਲਗਭਗ ਇੱਕ ਸਾਲ ਤੱਕ ਬੰਦ ਰਿਹਾ। ਇਹਨਾਂ ਸਭ ਚੁਣੌਤੀਆਂ ਦੇ ਬਾਵਜੂਦ , ਫੇਸਬੁੱਕ ਸਮੂਹਾਂ ਨੇ ਟਿਕਾਊ ਖੇਤੀ-ਖਾਧ ਪ੍ਰਣਾਲੀਆਂ ਦੇ ਵਿਸਤਾਰ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਅਤੇ ਇਸਦੇ ਨਾਲ ਹੀ ਰਵਾਇਤੀ ਘਰੇਲੂ ਬਗੀਚੀ ਤਰੀਕਿਆਂ ਨੂੰ ਵੀ ਮੁੜ ਸੁਰਜੀਤ ਕੀਤਾ।

## ਸੰਦਰਭ

ਆਰਿਆ, ਯੂ.ਆਰ. Thinking Out of the Basket". The Times of India. 20th August 2017. https://timesofindia.indiatimes.com/city/kochi/hinking-out-of-the-basket/articleshow/60133326.cms

●

**ਅਨੀਤਾ ਪਿਨਹੇਰੋ**
ਸਹਾਇਕ ਫੈਕਲਟੀ ਸਕੂਲ ਆਫ ਗਲੋਬਲ ਅਫੇਅਰਜ਼,
ਡਾ. ਬੀ ਆਰ ਅੰਬੇਡਕਰ ਯੂਨੀਵਰਸਿਟੀ, ਦਿੱਲੀ
**ਈਮੇਲ :** anitapadiyoor@gmail.com
apinheiro@aud.ac.in

**Urban home gardening movement in Kerala**
***Role of social media collectives***

**LEISA INDIA, March 2022**

# ਸ਼ਹਿਰੀ -ਪੇਂਡੂ ਅੰਦਰੂਨੀ ਖੇਤਰਾਂ ਵਿੱਚ ਖਾਧ ਅਤੇ ਰੁਜ਼ਗਾਰ ਸੁਰੱਖਿਆ

*ਅਜੈ ਕੁਮਾਰ ਸਿੰਘ ਅਤੇ ਅਰਚਨਾ ਸ਼੍ਰੀਵਾਸਤਵ*

ਸ਼ਹਿਰਾਂ ਦੇ ਨਾਲ ਲੱਗਦੇ ਖੇਤਰ (ਪੇਰੀ ਸ਼ਹਿਰੀ ਖੇਤਰ) ਸ਼ਹਿਰੀ ਖੇਤਰ ਵਿੱਚ ਦਾਖਲੇ ਲਈ 'ਉਡੀਕ ਘਰ' ਨਹੀਂ ਹਨ। ਅੱਗੇ ਤੋ ਜ਼ਮੀਨ ਦੀ ਵਰਤੋਂ ਵਿੱਚ ਬਦਲਾਵਾਂ ਅਤੇ ਅਨਿਯਮਿਤ ਉਸਾਰੀ ਗਤੀਵਿਧੀਆਂ ਨੂੰ ਰੋਕਣ ਲਈ ਮਾਨਸਿਕਤਾ ਵਿੱਚ ਬੁਨਿਆਦੀ ਤਬਦੀਲੀ ਲਿਆਉਣ ਦੀ ਲੋੜ ਹੈ। ਅਜਿਹੀ ਸਥਿਤੀ ਨੂੰ ਬਹੁ-ਕਾਰਜਕਾਰੀ ਹਰੀਆਂ ਥਾਵਾਂ ਨੂੰ ਪ੍ਰੋਤਸ਼ਾਹਿਤ ਕਰਕੇ ਅਤੇ ਸੰਭਾਲ ਕਰਕੇ ਅਤੇ ਪੇਰੀ-ਸ਼ਹਿਰੀ ਖੇਤੀ ਦੁਆਰਾ ਵਧੀਆ ਸੰਭਾਲਿਆ ਜਾ ਸਕਦਾ ਹੈ। ਗੋਰਖਪੁਰ ਸ਼ਹਿਰ ਦੇ ਨਾਲ ਲੱਗਦੇ ਖੇਤਰਾਂ (ਪੇਰੀ-ਸ਼ਹਿਰੀ ਖੇਤਰ) ਦੀਆਂ ਹਰੀਆਂ-ਭਰੀਆਂ ਜਗ੍ਹਾਵਾਂ ਲਈ ਵਿਗਿਆਨ ਅਤੇ ਤਕਨੀਕੀ ਹੱਲ ਦੀ ਸਹਿ-ਰਚਨਾ ਦੀ ਪਹਿਲ ਨੇ ਲੋਕਾਂ ਦੀ ਖਾਧ ਸੁਰੱਖਿਆ ਵਿੱਚ ਸੁਧਾਰ, ਸ਼ਹਿਰ ਦੇ ਆਲੇ-ਦੁਆਲੇ ਹਰਿਆਲੀ ਭਰਪੂਰ ਥਾਵਾਂ ਨੂੰ ਬਣਾਈ ਰੱਖਣ ਅਤੇ ਸ਼ਹਿਰੀ-ਗ੍ਰਾਮੀਣ ਦਿਹਾਤੀ ਇਲਾਕਿਆਂ (ਹਿੰਟਰਲੈਂਡ) ਵਿੱਚ ਪਿੰਡ ਦੇ ਗਰੀਬ ਲੋਕਾਂ ਲਈ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਲਈ ਇੱਕ ਪ੍ਰਭਾਵੀ ਮਾਰਗ ਦਿਖਾਇਆ ਹੈ।

ਭਾਰਤ ਦੇ ਗੋਰਖਪੁਰ ਸ਼ਹਿਰ ਵਿੱਚ ਪੇਰੀ-ਸ਼ਹਿਰੀ ਖੇਤੀ ਸ਼ਹਿਰੀ ਰੁਜ਼ਗਾਰ, ਖਾਸ ਕਰਕੇ ਗਰੀਬਾਂ ਅਤੇ ਹਾਸ਼ੀਏ 'ਤੇ ਰਹਿ ਗਏ ਭਾਈਚਾਰਿਆਂ ਲਈ, ਵਿੱਚ ਵਿਭਿੰਨਤਾ ਲਿਆਉਣ ਅਤੇ ਸਥਾਨਕ ਖਾਧ ਪੂਰਤੀ ਖਾਸ ਕਰਕੇ ਸਬਜੀਆਂ ਅਤੇ ਫਲਾਂ ਦੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਂਦੇ ਹੋਏ ਅਤੇ ਓਹਨਾਂ ਖੁੱਲ੍ਹੇ ਖੇਤਰਾਂ ਨੂੰ ਬਣਾਈ ਰੱਖਣ ਜੋ ਕਿ ਹੜ੍ਹਾਂ ਨੂੰ ਰੋਕਣ ਲਈ ਬਫਰ ਦਾ ਕੰਮ ਕਰਦੇ ਹਨ, ਲਈ ਇੱਕ ਵਿਹਾਰਕ ਤੰਤਰ ਨੂੰ ਦਰਸਾਉਂਦੀ ਹੈ। ਇਹਨਾਂ ਇਲਾਕਿਆਂ ਵਿੱਚ ਜ਼ਮੀਨ ਦੀ ਵਰਤੋਂ ਦਾ ਪੈਟਰਨ ਅਤੇ ਪਰਿਸਥਿਤਕੀ ਤੰਤਰ ਸੇਵਾਵਾਂ ਇਸ ਤਰੀਕੇ ਨਾਲ ਬਣਾ ਕੇ ਰੱਖੇ ਜਾਂਦੇ ਹਨ ਜਿਸ ਨਾਲ ਜਲਵਾਯੂ ਅਨੁਕੂਲਿਤ ਪੇਰੀ ਸ਼ਹਿਰੀ ਖੇਤੀ ਨੂੰ ਪ੍ਰੋਤਸ਼ਾਹਿਤ ਕੀਤਾ ਜਾ ਸਕੇ ਅਤੇ ਇਸ ਲਈ ਨਵੇਂ-ਨਵੇਂ ਤਰੀਕੇ ਵੀ ਅਪਣਾਏ ਜਾਂਦੇ ਹਨ। ਇਸ ਸਭ ਦਾ ਨਤੀਜਾ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਰੋਜ਼ੀ-ਰੋਟੀ ਸੁਰੱਖਿਅਤ ਹੋਣ, ਖੇਤੀ ਉਤਪਾਦਨ ਵਧਣ ਅਤੇ ਸ਼ਹਿਰੀ ਖਾਧ ਸੁਰੱਖਿਆ ਦੇ ਯਕੀਨੀ ਬਣਨ ਦੇ ਰੂਪ ਵਿੱਚ ਸਾਹਮਣੇ ਆਇਆ।

ਗੈਰ-ਯੋਜਨਾਬੱਧ ਸ਼ਹਿਰੀਕਰਨ ਅਤੇ ਜਲਵਾਯੂ ਪਰਿਵਰਤਨਸ਼ੀਲਤਾ ਸ਼ਹਿਰਾਂ ਦੇ ਟਿਕਾਊ ਵਿਕਾਸ ਵਿੱਚ ਦੋ ਮੁੱਖ ਵੱਡੀਆਂ ਔਕੜਾਂ ਹਨ। ਸ਼ਹਿਰਾਂ ਵਿੱਚ ਘਟਦੀਆਂ ਖੁੱਲ੍ਹੀਆਂ ਥਾਵਾਂ ਅਤੇ ਰਿਹਾਇਸ਼ ਲਈ ਵਧਦੀ ਮੰਗ ਮੌਜੂਦਾ ਖੇਤੀ ਜ਼ਮੀਨ ਉੱਪਰ ਲਗਾਤਰ ਦਬਾਅ ਬਣਾ ਰਹੀ ਹੈ। ਇਸ ਨਾਲ ਹਰਿਆਲੀ ਵਾਲੀਆਂ ਥਾਵਾਂ ਖਤਰੇ ਵਿੱਚ ਪੈ ਰਹੀਆਂ ਹਨ ਜਿਸ ਨਾਲ ਸ਼ਹਿਰਾਂ ਨੂੰ ਜਰੂਰੀ ਖਾਧ ਪਦਾਰਥਾਂ ਦੀ ਪੂਰਤੀ ਲੜੀ ਵਿੱਚ ਵਿਘਨ ਪੈ ਰਿਹਾ ਹੈ ਅਤੇ ਪੇਂਡੂ ਇਲਾਕਿਆਂ ਦੇ ਰਵਾਇਤੀ ਰੁਜ਼ਗਾਰ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਮੌਜੂਦਾ ਪੱਤਰ ਵਿਗਿਆਨ ਅਤੇ ਤਕਨੀਕ ਵਿਭਾਗ, ਭਾਰਤ ਸਰਕਾਰ ਦੇ ਕੋਰ ਸਪੋਰਨ ਪ੍ਰੋਜੈਕਟ ਦੁਆਰਾ ਸਹਿਯੋਗ ਪ੍ਰਾਪਤ ਪ੍ਰੋਜੈਕਟ ਅਧੀਨ ਗੋਰਖਪੁਰ ਵਾਤਾਵਰਣ ਐਕਸ਼ਨ ਗਰੁੱਪ (ਜੀ ਈ ਏ ਜੀ) ਦੁਆਰਾ ਚੁੱਕੇ ਗਏ ਨਵੀਨਤਾਕਾਰੀ ਕਦਮਾਂ ਬਾਰੇ ਤੁਹਾਨੂੰ ਸਭ ਨੂੰ ਜਾਣਕਾਰੀ ਦੇਣ ਦੀ ਇੱਕ ਕੋਸ਼ਿਸ਼ ਹੈ। ਇਸ ਪ੍ਰੋਜੈਕਟ ਵਿੱਚ ਜੀ ਈ ਏ ਜੀ ਪੇਰੀ ਸ਼ਹਿਰੀ ਖੇਤੀ ਨੂੰ ਮਜਬੂਤ ਕਰਕੇ ਹਰਿਆਲੀ ਬਣਾਈ ਰੱਖਣ ਰਾਹੀ ਗੋਰਖਪੁਰ ਸ਼ਹਿਰ ਵਿੱਚ ਹੜ੍ਹਾਂ ਅਤੇ ਪਾਣੀ ਖੜੋਣ ਦੇ ਜੋਖ਼ਮ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਪ੍ਰਕ੍ਰਿਆ ਸ਼ਹਿਰ ਉੱਪਰ ਪੈਣ ਵਾਲੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਸੰਬੋਧਿਤ ਕਰਨ ਲਈ ਲਚੀਲੀਆਂ ਖੇਤੀ ਗਤੀਵਿਧੀਆਂ ਰਾਹੀ ਪਰਿਸਥਿਤਕੀ ਤੰਤਰ ਸੇਵਾਵਾਂ ਦੇ ਮਹੱਤਵ ਨੂੰ ਵੀ ਦਰਸਾਉਂਦੀ ਹੈ।

ਗੋਰਖਪੁਰ ਸ਼ਹਿਰ ਦੇ ਨਾਲ ਲੱਗਦੇ ਖੇਤਰ ਸੰਘਣੀ ਆਬਾਦੀ ਵਾਲੇ ਹਨ। ਇੱਥੇ ਜ਼ਿਆਦਾਤਰ ਛੋਟੇ ਕਿਸਾਨ ਹਨ। ਸਥਾਨਕ ਸੀਮਾਂਤ ਕਿਸਾਨ ਅਤੇ ਗਰੀਬ ਸ਼ਹਿਰ ਵਾਸੀ ਦੇ ਨਾਲ ਪੇਂਡੂ ਪ੍ਰਵਾਸੀ ਵੀ ਨਾਲ-ਨਾਲ ਰਹਿੰਦੇ ਹਨ ਅਤੇ ਖੇਤੀ ਦੇ ਕੰਮ ਵਿੱਚ ਲੱਗੇ ਹੋਏ ਹਨ। ਪੇਰੀ ਸ਼ਹਿਰੀ ਖੇਤਰ ਖਾਧ ਉਤਪਾਦਨ ਦੇ ਮਹੱਤਵਪੂਰਨ ਕੇਂਦਰ ਹਨ। ਇਹ ਵਧਦੀ ਸ਼ਹਿਰੀ ਆਬਾਦੀ ਲਈ ਤਾਜ਼ੇ ਅਤੇ ਕਿਫਾਇਤੀ ਭੋਜਨ ਦੀ ਪੂਰਤੀ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗਰੀਬ ਪੇਰੀ- ਸ਼ਹਿਰੀ ਖੇਤਰ ਦੀ ਆਬਾਦੀ ਲਈ ਖੇਤੀਬਾੜੀ ਇੱਕ ਮਹੱਤਵਪੂਰਨ ਰੁਜ਼ਗਾਰ ਹੈ ਜੋ ਉਹਨਾਂ ਦੀਆਂ ਮੁੱਢਲੀਆਂ ਭੋਜਨ

ਸੰਬੰਧੀ ਲੋੜਾਂ ਅਤੇ ਆਮਦਨੀ ਦੀ ਜਰੂਰਤ ਨੂੰ ਪੂਰਾ ਕਰਦੀ ਹੈ। ਇਹ ਉਹਨਾਂ ਲਈ ਆਮਦਨੀ ਦਾ ਇੱਕ ਜ਼ਰੀਆ ਹੈ ਜਿੱਥੇ ਉਹ ਖੇਤ ਮਜਦੂਰ ਵਜੋਂ ਕੰਮ ਕਰਦੇ ਹਨ। ਹਾਲਾਂਕਿ ਸੁਰੱਖਿਅਤ ਅਤੇ ਸਸਤਾ ਭੋਜਨ, ਜੋ ਕਿ ਵਾਤਾਵਰਣ ਨੂੰ ਸਰੰਖਿਅਤ ਕਰਦਾ ਹੋਵੇ, ਦੇ ਉਤਪਾਦਨ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਹਨ।

ਗੋਰਖਪੁਰ ਨੂੰ ਟਰਾਂਸ ਸਰਯੂ ਖੇਤਰ ਦਾ ਸਭ ਤੋਂ ਵੱਡਾ ਵਪਾਰਕ ਕੇਂਦਰ ਮੰਨਿਆ ਜਾਂਦਾ ਹੈ ਜਿੱਥੇ ਖੇਤੀ ਉਤਪਾਦਾਂ ਤੋਂ ਲੈ ਕੇ ਘਰੇਲੂ ਲਘੂ ਉਦਯੋਗਾਂ ਦੇ ਉਤਪਾਦਾਂ ਖੁਦਰਾ ਅਤੇ ਥੋਕ ਬਾਜ਼ਾਰ ਵਿੱਚ ਉਪਲਬਧ ਹਨ। ਇਤਿਹਾਸਕ ਪੱਖ ਤੋਂ , ਇਹ ਸਾਰਾ ਖੇਤਰ ਗਰਮੀ ਦੇ ਮਾਨਸੂਨ (ਜੂਨ-ਸਤੰਬਰ) ਦੌਰਾਨ ਹਰ ਸਾਲ ਹੇਠਲੇ ਪੱਧਰ ਦੇ ਹੜ੍ਹਾਂ ਨੂੰ ਝੱਲਣ ਲਈ ਥੋੜ੍ਹਾ ਨਵਾਂ ਹੈ। ਪਰ ਪਿਛਲੇ ਕੁੱਝ ਦਹਾਕਿਆਂ ਦੌਰਾਨ ਬੇਤਰਤੀਬੀ ਸ਼ਹਿਰੀਕਰਨ ਪ੍ਰਕ੍ਰਿਆ ਅਤੇ ਜਲਵਾਯੂ ਪਰਿਵਰਤਨ (ਕੁੱਝ ਦਿਨਾਂ ਵਿੱਚ ਜ਼ਿਆਦਾ ਵਰਖਾ) ਨੇ ਸ਼ਹਿਰ ਅਤੇ ਸ਼ਹਿਰ ਦੇ ਆਲੇ ਦੁਆਲੇ ਪਹਿਲਾਂ ਦੀਆਂ ਚੱਲ ਰਹੀਆਂ ਸਮੱਸਿਆਵਾਂ ਵਿੱਚ ਹੋਰ ਵਾਧਾ ਕੀਤਾ ਹੈ ਅਤੇ ਨਵੀਂਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਹਾਲ ਹੀ ਦੀਆਂ ਕੁੱਝ ਘਟਨਾਵਾਂ ਨੇ ਸ਼ਹਿਰ ਦੇ ਕੁੱਝ ਹਿੱਸਿਆਂ ਵਿੱਚ ਹੜ੍ਹਾਂ ਅਤੇ ਪਾਣੀ ਭਰਨ ਦੀ ਤੀਬਰਤਾ ਅਤੇ ਮਿਆਦ ਨੂੰ ਵਧਾ ਦਿੱਤਾ ਹੈ।

**ਇਸ ਪਹਿਲ ਕਰਕੇ ਕਿਸਾਨਾਂ ਦਾ ਪਲਾਇਨ ਘਟਿਆ ਹੈ ਅਤੇ ਕਿਸਾਨਾਂ ਨੂੰ ਖੇਤੀ ਵਿੱਚ ਇੱਕ ਆਸ਼ਾ ਦੀ ਕਿਰਨ ਦਿਖਾਈ ਦੇਣ ਲੱਗੀ ਹੈ।**




**ਜੈਵਿਕ ਖਾਦ ਦੀ ਵਰਤੋਂ ਕਰਕੇ ਵਿਭਿੰਨ ਸਬਜੀਆਂ ਉਗਾਉਣਾ ਆਤਮ ਨਿਰਭਰਤਾ ਪੈਦਾ ਕਰਦਾ ਹੈ।**

**ਬਾਕਸ 1 - ਵਿਭਿੰਨਤਾ : ਇੱਕ ਘੱਟ ਜੋਖ਼ਮ ਵਾਲਾ ਵਿਕਲਪ**

ਗੋਰਖਪੁਰ ਜਿਲ੍ਹੇ ਦੇ ਬਲਾਕ ਜੰਗਲ ਕੌਡੀਆ ਦੇ ਪਿੰਡ ਜਿੰਦਾਪੁਰ ਦਾ 50 ਸਾਲਾਂ ਕਿਸਾਨ ਸੁਗਰੀਵ ਪ੍ਰਸਾਦ ਆਪਣੀ ਇੱਕ ਏਕੜ ਦੀ ਜ਼ਮੀਨ ਉੱਪਰ ਸਿਰਫ਼ ਕੁੱਝ ਪ੍ਰਕਾਰ ਦੀਆਂ ਫਸਲਾਂ ਹੀ ਉਗਾਉਂਦਾ ਸੀ। 2019 ਵਿੱਚ ਉਸਨੇ ਖੇਤੀਬਾੜੀ ਸੰਬੰਧੀ ਵਿਭਿੰਨ ਸਾਫ਼ਟ ਤਕਨੀਕਾਂ ਬਾਰੇ ਇੱਕ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਖੇਤੀ ਪ੍ਰਤਿ ਆਪਣੇ ਤਰੀਕੇ ਨੂੰ ਬਦਲਣ ਦਾ ਨਿਰਣੈ ਲਿਆ।

ਅੱਜ ਸੁਗਰੀਵ ਉਹਨਾਂ ਕੁੱਝ ਫਸਲਾਂ ਤੋਂ ਅੱਗੇ ਵਧ ਚੁੱਕਿਆ ਹੈ। ਉਹ ਸਰਦੀਆਂ ਵਿੱਚ ਮਟਰ, ਫੁੱਲ ਗੋਭੀ, ਬੰਦ ਗੋਭੀ, ਮੂਲੀ, ਗਾਜਰ, ਧਨੀਆ, ਲਹੁਸਣ, ਪਿਆਜ਼, ਪਾਲਕ, ਆਲੂ, ਟਮਾਟਰ ਅਤੇ ਕਣਕ ਉਗਾਉਂਦਾ ਹੈ ਅਤੇ ਮਾਨਸੂਨ ਦੌਰਾਨ ਫਲੀਆਂ, ਕੱਦੂ, ਤੋਰੀ, ਭਿੰਡੀ ਅਤੇ ਝੋਨਾ ਉਗਾਉਂਦਾ ਹੈ। ਉਹ ਸੀ.ਪੀ.ਪੀ. ਅਤੇ ਵਰਮੀ ਕੰਪੋਸਟ ਤਿਆਰ ਕਰਦਾ ਹੈ ਜਿਸਨੂੰ ਉਹ ਗੋਬਰ ਦੀ ਖਾਦ ਵਿੱਚ ਮਿਲਾ ਕੇ ਆਪਣੇ ਖੇਤਾਂ ਵਿੱਚ ਇਸਤੇਮਾਲ ਕਰਦਾ ਹੈ। ਇਸ ਤਰ੍ਹਾਂ ਉਸਦੀ ਖਾਦ ਵੀ ਘਰ ਹੀ ਤਿਆਰ ਹੋ ਜਾਂਦੀ ਹੈ। ਇਸਦੇ ਇਲਾਵਾ, ਉਹ ਜੈਵਿਕ ਕੀਟਨਾਸ਼ਦਕ ਤਿਆਰ ਕਰਕੇ ਆਪਣੀਆਂ ਫਸਲਾਂ ਉੱਪਰ ਛਿੜਕਾਅ ਕਰਦਾ ਹੈ ਅਤੇ ਉਸਨੇ ਆਪਣੀ ਸਿੰਚਾਈ ਵਿਵਸਥਾ ਵੀ ਵਿਕਸਿਤ ਕਰ ਲਈ ਹੈ। ਇਸ ਤਰ੍ਹਾ ਉਹ ਬਹੁਤ ਹੱਦ ਤੱਕ ਆਤਮ ਨਿਰਭਰ ਬਣ ਗਿਆ ਹੈ। ਸੁਗਰੀਵ ਹੁਣ ਤਜ਼ਰਬੇ ਕਰਨ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ ਅਤੇ ਨਵੀਂਆਂ ਤਕਨੀਕਾਂ ਦੀ ਵਰਤੋਂ ਕਰਦਾ ਹੈ।

ਉਹ ਅੱਗੇ ਦੱਸਦਾ ਹੈ, "ਜ਼ਿਆਦਾ ਆਮਦਨੀ ਭਾਵ ਘੱਟ ਕਰਜ਼ਾ।ਹੁਣ ਪਰਿਵਾਰ ਦੇ ਖਾਣ ਲਈ ਬਹੁਤ ਕੁੱਝ ਹੈ। ਇਹਨਾਂ ਸਭ ਯਤਨਾਂ ਅਤੇ ਤਕਨੀਕ ਨਾਲ ਜੁੜਨ ਕਰਕੇ ਮੈਂ ਬਾਹਰੀ ਸਾਮਾਨ ਘੱਟ ਵਰਤਦਾ ਹਾਂ ਜਿਸ ਕਰਕੇ ਮੇਰੀ ਬਾਜ਼ਾਰ ਲਾਗਤ 42 % ਤੱਕ ਘਟ ਗਈ ਹੈ। ਇਸ ਪ੍ਰੋਜੈਕਟ ਨਾਲ ਜੁੜਨ ਤੋਂ ਪਹਿਲਾਂ ਸਾਡਾ ਸਾਲਾਨਾ ਸ਼ੁੱਧ ਲਾਭ 10 ਤੋਂ 12 ਹਜਾਰ ਰੁਪਏ ਸੀ ਪਰ ਹੁਣ ਇਹ 65 ਹਜਾਰ ਰੁਪਏ ਹੋ ਗਿਆ ਹੈ।" ਅੱਜ ਉਸਦੇ ਇਸ ਤਜ਼ਰਬੇ ਨੇ ਹੋਰਾਂ ਨੂੰ ਵੀ ਸਬਜੀ ਦੀ ਖੇਤੀ ਦੀਆਂ ਤਕਨੀਕਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ ਅਤੇ ਆਲੇ-ਦੁਆਲੇ ਦੇ ਲਗਭਗ 25% ਕਿਸਾਨਾਂ ਨੇ ਇਹਨਾਂ ਤਕਨੀਕਾਂ ਨੂੰ ਲਾਪਣੇ ਖੇਤ ਵਿੱਚ ਲਾਗੂ ਕੀਤਾ ਹੈ।




**ਛੋਟੇ ਖੇਤ ਉੱਪਰ ਵਿਭਿੰਨ ਪ੍ਰਣਾਲੀਆਂ ਦਾ ਏਕੀਕਰਨ**

**ਪਹਿਲ :** ਜੀਈਏਜੀ ਗੋਰਖਪੁਰ ਦੇ ਜੰਗਲ ਕੌਡੀਆ ਬਲਾਕ ਦੇ ਦੋ ਪਿੰਡਾਂ ਦੇ ਛੋਟੇ, ਸੀਮਾਂਤ ਅਤੇ ਮਹਿਲਾ ਕਿਸਾਨਾਂ ਵਿਚਕਾਰ 170 ਹੈਕਟੇਅਰ ਜ਼ਮੀਨ ਉੱਪਰ ਜਲਵਾਯੂ ਅਨੁਕੂਲਨ ਖੇਤੀ ਤਕਨੀਕਾਂ ਨੂੰ ਪ੍ਰੋਤਸ਼ਾਹਿਤ ਕਰ ਰਹੀ ਹੈ। ਰੁਜ਼ਗਾਰ ਲਈ ਨਵੀਨ ਤਕਨੀਕਾਂ ਨੂੰ ਮਜਬੂਤ, ਅਪਸਕੇਲਿੰਗ ਅਤੇ ਪੋਸ਼ਿਤ ਕਰਨ ਦੇ ਪ੍ਰੋਗਰਾਮ (ਐਸ ਯੂ ਐਨ ਆਈ ਐਲ (ਸੁਨੀਲ) ਜਿਸਨੂੰ ਕਿ ਵਿਗਿਆਨ ਅਤੇ ਤਕਨੀਕ ਵਿਭਾਗ, ਭਾਰਤ ਸਰਕਾਰ ਦੁਆਰਾ ਸਹਿਯੋਗ ਦਿੱਤਾ ਜਾ ਰਿਹਾ ਹੈ, ਅਧੀਨ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਖੇਤੀ ਵਿੱਚ ਲਾਭ ਨੂੰ ਵਧਾਉਣ ਲਈ ਇੱਕ ਪ੍ਰਕ੍ਰਿਆ ਤਿਆਰ ਕੀਤੀ ਗਈ ਹੈ ਜਿਸ ਵਿੱਚ ਜਲ ਭਰਾਵ ਵਾਲੇ ਖੇਤਰ, ਗਾਰੇ ਵਾਲੇ ਖੇਤਰ , ਉੱਪਰਲਾ ਖੇਤਰ (ਸੋਕੇ ਦੀਆਂ ਅਨਿਸ਼ਚਿਤਤਾਵਾਂ) , ਹੜ੍ਹ ਵਾਲੇ ਮੈਦਾਨ - ਜਲ ਗ੍ਰਹਿਣ ਖੇਤਰ ਅਤੇ ਪੇਰੀ ਸ਼ਹਿਰੀ ਖੇਤਰ ਆਦਿ ਦੇ ਖਾਸ ਸੰਦਰਭਾਂ ਅਨੁਸਾਰ ਅਨੁਕੂਲ ਤਕਨੀਕਾਂ ਨੂੰ ਵਿਕਸਿਤ ਕਰਨ ਉੱਪਰ ਕੰਮ ਕੀਤਾ ਗਿਆ ਹੈ।

ਸੁਨੀਲ ਪ੍ਰੋਗਰਾਮ ਅਧੀਨ ਜੀਈਏਜੀ ਪਿਛਲੇ 3 ਸਾਲਾਂ (2018-2021) ਤੋਂ ਪੇਰੀ ਸ਼ਹਿਰੀ ਖੇਤਰਾਂ ਵਿੱਚ ਲਚੀਲੀ ਖੇਤੀ ਨੂੰ ਪ੍ਰੋਤਸ਼ਾਹਿਤ ਕਰ ਰਹੀ ਹੈ। ਇਹ ਪਹਿਲ 2 ਛੋਟੇ ਅਤੇ ਸੀਮਾਂਤ ਮਾਡਲ ਕਿਸਾਨਾਂ – ਸੁਗਰੀਵ (ਬਾਕਸ 1) ਅਤੇ ਰਾਮਚੰਦਰ (ਬਾਕਸ 2) ਨਾਲ ਸ਼ੁਰੂ ਕੀਤਾ ਗਿਆ। ਹੁਣ 117 ਕਿਸਾਨ ਇਸ ਨਾਲ ਜੁੜ ਚੁੱਕੇ ਹਨ ਜੋ ਇਹਨਾਂ ਮਾਡਲ ਕਿਸਾਨਾਂ ਦਾ ਅਨੁਸਰਨ ਕਰਦੇ ਹਨ।

ਇਹ ਪਹਿਲ ਗਰੀਬ ਅਤੇ ਹਾਸ਼ੀਏ ਤੇ ਗਏ ਸਮੁਦਾਇਆਂ ਲਈ ਆਜੀਵਿਕਾ ਵਿੱਚ ਵਿਭਿੰਨਤਾ ਲਿਆਉਣ, ਖਾਧ ਆਪੂਰਤੀ ਯਕੀਨੀ ਬਣਾਉਣ ਖਾਸ ਕਰਕੇ ਸਬਜੀਆਂ ਅਤੇ ਫਲਾਂ ਦੀ ਅਤੇ ਉਹਨਾਂ ਖੁੱਲੇ ਥਾਵਾਂ ਜੋ ਹੜ੍ਹਾਂ ਸਮੇਂ ਬਫਰ ਦਾ ਕੰਮ ਕਰਦੇ ਹਨ, ਨੂੰ ਬਚਾਈ ਰੱਖਣ ਲਈ ਇੱਕ ਵਿਹਾਰਕ ਹੱਲ ਦਿੰਦੀ ਹੈ। ਇਸ ਪ੍ਰਕ੍ਰਿਆ ਨੇ ਨੁਕਸਾਨ ਦੀ ਸੰਭਾਵਨਾ ਘੱਟ ਕਰਕੇ ਕਿਸਾਨ ਭਾਈਚਾਰੇ ਦੀ ਹੋਰ ਮਜਬੂਤ ਬਣਨ ਅਤੇ ਹੜ੍ਹ ਦਾ ਸਾਹਮਣਾ ਕਰਨ ਵਿੱਚ ਮੱਦਦ ਕੀਤੀ ਹੈ। ਕਿਸਾਨਾਂ ਨੇ ਉਲਪਬਧ ਸੰਸਾਧਨਾਂ ਦੀ ਮੁੜ ਵਰਤੋਂ ਨੂੰ ਅਪਣਾਇਆ ਹੈ ਅਤੇ ਬਾਹਰੀ ਉਤਪਾਦਾਂ ਉੱਪਰ ਆਪਣੀ ਨਿਰਭਰਤਾ ਨੂੰ ਘੱਟ ਕੀਤਾ ਹੈ। ਕਿਸਾਨਾਂ ਨੇ ਬਹੁਤ ਸਾਰੀਆਂ ਪ੍ਰਕ੍ਰਿਆਵਾਂ ਅਪਣਾਈਆਂ ਹਨ ਜਿਵੇਂ ਬਾਹਰੀ ਜੈਵ ਉਤਪਾਦਾਂ ਦੀ ਘੱਟ ਵਰਤੋਂ, ਢੁੱਕਵੀਆਂ ਫਸਲ ਕਿਸਮਾਂ ਨੂੰ ਉਗਾਉਣਾ, ਜਗ੍ਹਾ ਅਤੇ ਸਮੇਂ ਦਾ ਪ੍ਰਬੰਧਨ, ਬੀਜ ਬੈਂਕ, ਜ਼ਮੀਨ ਡਿਜਾਇਨ ਕਰਨਾ ਅਤੇ ਬੈਗਾਂ ਵਿੱਚ ਨਰਸਰੀ ਤਿਆਰ ਕਰਨਾ।

ਇਹ ਪਹਿਲ ਖੇਤੀ-ਬਾਗਬਾਨੀ -ਪਸ਼ੂ ਪਾਲਣ ਪ੍ਰਣਾਲੀ ਦੇ ਏਕੀਕਰਨ ਸਿਧਾਂਤ ਉੱਪਰ ਆਧਾਰਿਤ ਹੈ ਤਾਂਕਿ ਖੇਤੀ ਪ੍ਰਣਾਲੀ ਵਿੱਚ ਵਿਭਿੰਨਤਾ-ਜਟਿਲਤਾ ਅਤੇ ਰੀਸਾਇਕਲਿੰਗ ਪ੍ਰਕ੍ਰਿਆ ਨੂੰ ਵਧਾਇਆ ਜਾ ਸਕੇ (ਚਿੱਤਰ 1)। ਇਹ ਸਥਾਪਿਤ ਅਤੇ ਅਨੁਕੂਲ ਮਾਡਲ ਹੈ ਜਿਸਨੂੰ ਜੀਈਏਜੀ ਦੁਆਰਾ ਪਿਛਲੇ ਤਿੰਨ ਦਹਾਕਿਆਂ ਤੋਂ ਲੋਕਾਂ ਨਾਲ ਕੰਮ ਕਰਕੇ ਵਿਕਸਿਤ ਕੀਤਾ ਗਿਆ ਹੈ। ਇਸ ਮਾਡਲ ਦੀ ਵਿਲੱਖਣ ਗੱਲ ਇਸਦਾ ਟਿਕਾਊਪਣ ਹੈ। ਇਹ ਸਥਾਨਕ ਪਰਿਸਥਿਤੀਆਂ ਅਨੁਸਾਰ ਡਿਜ਼ਾਈਨ ਕੀਤਾ ਗਿਆ ਹੈ। ਇਹ ਖੇਤਰ ਜ਼ਿਆਦਾ ਹੜ੍ਹ ਦੀ ਮਾਰ ਵਾਲੇ ਖੇਤਰ ਹਨ। ਇਸ ਲਈ ਕਿਸਾਨਾਂ ਨੂੰ ਮੋਬਾਇਲ ਰਾਹੀ ਐਸ ਐਮ ਐਸ ਕਰਕੇ ਕਿਸਾਨਾਂ ਨੂੰ ਲਗਾਤਾਰ ਮੌਸਮ ਬਾਰੇ ਸੂਚਿਤ ਕੀਤਾ ਜਾਂਦਾ ਰਹਿੰਦਾ ਹੈ।

ਖੇਤੀ ਪ੍ਰਣਾਲੀਆਂ ਵਿੱਚ ਤਕਨੀਕੀ ਸਹਿਯੋਗ ਦੇ ਨਾਲ-ਨਾਲ ਪੇਰੀ ਸ਼ਹਿਰੀ ਖੇਤੀ ਲਈ ਖੇਤੀ ਯੋਗ ਜਮੀਨ ਨੂੰ ਸੁਰੱਖਿਅਤ ਰੱਖਣ ਲਈ ਇੱਕ ਵਾਤਾਵਰਨ ਨੀਤੀ ਨੂੰ ਪ੍ਰੋਤਸ਼ਾਹਿਤ ਕਰਦੇ ਹੋਏ ਕਮਜ਼ੋਰ ਸਮੂਹਾਂ ਵਿਚਕਾਰ ਜਲਵਾਯੂ ਅਨੁਕੂਲ ਪੇਰੀ ਸ਼ਹਿਰੀ ਖੇਤੀ ਦੀ ਮੰਗ ਪੈਦਾ ਕਰਨਾ ਵੀ ਇੱਕ ਰਣਨੀਤੀ ਸੀ। ਇਸ ਪ੍ਰਕ੍ਰਿਆ ਵਿਚ ਮਾਡਲ ਕਿਸਾਨਾਂ ਅਤੇ ਖੇਤੀ ਸੇਵਾ ਕੇਂਦਰਾਂ ਦੁਆਰਾ ਸਮੁਦਾਇ ਨੂੰ ਸੰਸਥਾਗਤ ਬਣਾਉਣ ਉੱਪਰ ਜ਼ੋਰ ਦਿੱਤਾ ਗਿਆ। ਜੰਗਲ ਕੌਡੀਆ ਕਲਸਟਰਾਂ ਦੇ ਨਾਲ 16 ਮਾਡਲ ਕਿਸਾਨ ਅਤੇ 4 ਖੇਤੀ ਸੇਵਾ ਕੇਂਦਰ ਸਥਾਪਿਤ ਕੀਤੇ ਗਏ।

## ਪੇਰੀ ਸ਼ਹਿਰੀ ਖੇਤੀ ਦੇ ਮੁੱਖ ਘਟਕ

**1. ਲਚੀਲੀ ਖੇਤੀ ਪ੍ਰਣਾਲੀ ਦੀ ਸਥਾਪਨਾ ਅਤੇ ਵਿਸਤਾਰ ਕਰਨਾ :** ਪ੍ਰੋਗਰਾਮ ਰਾਹੀ ਲਚੀਲੀ ਖੇਤੀ ਪ੍ਰਣਾਲੀ ਦੀ ਸਥਾਪਨਾ ਅਤੇ ਪ੍ਰਸਾਰ ਇਸ ਵਿਚਾਰ ਅਧੀਨ ਕੀਤਾ ਗਿਆ ਕਿ "ਦੇਖ ਕੇ ਵਿਸ਼ਵਾਸ ਕਰਨਾ ਹੈ।"

**2. ਸੰਸਥਾ ਨਿਰਮਾਣ :-** ਉੱਪਰ ਦਿੱਤੀਆਂ ਜੈਵ ਉਤਪਾਦ ਅਤੇ ਜਲਵਾਯੂ ਅਨੁਕੂਲ ਪ੍ਰਕ੍ਰਿਆਵਾਂ ਨੂੰ ਲਾਗੂ ਕਰਨ ਲਈ ਕਿਸਾਨ ਖੇਤ ਸਕੂਲ, ਸਵੈ ਸਹਾਇਤਾ ਸਮੂਹ, ਖੇਤੀ ਸੇਵਾ ਕੇਂਦਰ ਅਤੇ ਕਿਸਾਨ ਉਤਪਾਦ ਸਮੂਹਾਂ ਦਾ ਸਹਿਯੋਗ ਲਿਆ ਗਿਆ। ਕਿਸਾਨ ਖੇਤ ਸਕੂਲਾਂ ਨੇ ਕਿਸਾਨਾਂ ਵਿਚਕਾਰ ਜਾਣਕਾਰੀ ਦਾ ਆਦਾਨ ਪ੍ਰਦਾਨ ਕਰਨ ਦੀ ਸੁਵਿਧਾ ਦਿੱਤੀ ਅਤੇ ਨਵੀਂਆਂ ਸਿੱਖੀਆਂ ਤਕਨੀਕਾਂ ਲਾਗੂ ਕਰਨ ਲਈ ਉਹਨਾਂ ਦਾ ਆਤਮ-ਵਿਸ਼ਵਾਸ ਵਧਾਇਆ। ਖੇਤੀ ਸੇਵਾ ਕੇਂਦਰਾਂ ਨੇ ਖੇਤੀ ਦੇ ਸੰਦ ਜਿਵੇਂ ਡੀਜ਼ਲ ਨਾਲ ਚੱਲਣ ਵਾਲੇ ਪਾਣੀ ਦੇ ਪੰਪ, ਸਿੰਚਾਈ ਵਾਲੀਆਂ ਪਾਈਪਾਂ, ਨਰਸਰੀ ਤਿਆਰ ਕਰਨ ਲਈ ਲੋੜੀਂਦੀ ਸਮੱਗਰੀ ਅਤੇ ਪੋਲੀ ਹਾਊਸ ਤਿਆਰ ਕਰਨ ਦਾ ਸਾਮਾਨ ਕਿਰਾਏ ਉੱਪਰ ਉਪਲਬਧ ਕਰਵਾਇਆ। ਇਹਨਾਂ ਸੰਸਥਾਵਾਂ ਨੇ ਮਾਡਲ ਅਤੇ ਲਿੰਕ ਦੋਵੇਂ ਕਿਸਾਨਾਂ ਦੀ ਜਲਵਾਯੂ ਅਨੁਕੂਲ

**3. ਗਿਆਨ ਸੰਸਥਾਵਾਂ ਨਾਲ ਸੰਬੰਧ ਅਤੇ ਨੈੱਟਵਰਕਿੰਗ ਸਥਾਪਤ ਕਰਨ ਦੀ ਸੁਵਿਧਾ** - ਇਸ ਪ੍ਰੋਜੈਕਟ ਨੇ ਕਿਸਾਨਾਂ ਅਤੇ ਅਲੱਗ-ਅਲੱਗ ਮਾਹਿਰ ਸੰਸਥਾਵਾਂ ਜਿਵੇਂ ਕੇਵੀਕੇ, ਨਾਬਾਰਡ, ਆਈ ਆਈ ਟੀ ਕਾਨਪੁਰ ਅਤੇ ਸਟਾਰਟ ਅਪ ਕੰਪਨੀਆਂ ਆਦਿ ਦੇ ਮਾਹਿਰਾਂ ਵਿਚਕਾਰ ਸੰਬੰਧ ਸਥਾਪਤ ਕਰਨ ਵਿੱਚ ਮੱਦਦ ਕੀਤੀ। ਇਹਨਾਂ ਸੰਬੰਧਾਂ ਨੇ ਕਿਸਾਨਾਂ ਨੂੰ ਮਾਹਿਰਾਂ ਤੋਂ ਮਿਲਣ ਵਾਲੀ ਜਾਣਕਾਰੀ , ਸਰਕਾਰ ਅਤੇ ਸੰਬੰਧਿਤ ਵਿਭਾਗਾਂ ਤੋਂ ਮਿਲਣ ਵਾਲੀਆਂ ਸਬਸਿਡੀ ਸਕੀਮਾਂ ਦੀ ਜਾਣਕਾਰੀ ਤੱਕ ਪਹੁੰਚ ਬਣਾਉਣ ਦੇ ਯੋਗ ਬਣਾਇਆ। ਕਿਸਾਨ ਇਹਨਾਂ ਸੰਬੰਧਾਂ ਦੇ ਮਹੱਤਵ ਨੂੰ ਸਮਝਦੇ ਹੋਏ ਮਹਿਸੂਸ ਕਰਦੇ ਹਨ ਕਿ ਇਹਨਾਂ ਕਰਕੇ ਉਹ ਆਪਣੀਆਂ ਸਮੱਸਿਆਵਾਂ ਖੁਦ ਹੱਲ ਕਰਨ ਦੇ ਯੋਗ ਹੋਏ ਹਨ ਅਤੇ ਇਸ ਨਾਲ ਉਹ ਬਿਹਤਰ ਮਹਿਸੂਸ ਕਰਦੇ ਹਨ।

**ਬਾਕਸ 2 - ਨੀਵੀਂ ਸੁਰੰਗ ਪੋਲੀ ਹਾਊਸ ਤਕਨੀਕ**

ਜਿੰਦਾਪੁਰ ਪਿੰਡ ਦਾ ਰਹਿਣ ਵਾਲਾ ਰਾਮ ਚੰਦਰ ਸਹੀ ਅਰਥਾਂ ਵਿੱਚ ਇੱਕ ਕਿਸਾਨ ਨਹੀਂ ਸੀ। ਉਹ ਆਪਣੇ 0.6 ਏਕੜ ਖੇਤ ਵਿੱਚ ਕਣਕ ਉਗਾਇਆ ਕਰਦਾ ਸੀ ਅਤੇ ਬਹੁਤ ਘੱਟ ਲਾਭ ਕਮਾਉਂਦਾ ਸੀ ਕਿਉਂਕਿ ਉਸਦੀ ਜਮੀਨ ਨੀਵੀਂ ਸੀ ਅਤੇ ਪਾਣੀ ਦੇ ਭਰਾਵ ਦੀ ਸਮੱਸਿਆ ਆਉਂਦੀ ਸੀ। ਉਸਦੀ ਆਮਦਨੀ ਇੱਕ ਛੋਟੀ ਜਿਹੀ ਦੁਕਾਨ ਤੋਂ ਆਉਂਦੀ ਸੀ ਜਿਸ ਨਾਲ ਉਸਦਾ ਅਤੇ ਉਸਦੇ ਪਰਿਵਾਰ ਦਾ ਗੁਜਾਰਾ ਹੁੰਦਾ ਸੀ। ਉਹ ਖੇਤੀ ਸੇਵਾ ਕੇਂਦਰ ਕਮੇਟੀ ਦੀਆਂ ਮੀਟਿੰਗਾਂ ਵਿੱਚ ਅਤੇ ਹੋਰ ਮੀਟਿੰਗਾਂ ਵਿੱਚ ਹਿੱਸਾ ਲੈਂਦਾ ਸੀ ਪਰ ਉਸਨੇ ਸਿਖਲਾਈ ਦੇ ਇੱਕ ਸਾਲ ਬਾਅਦ ਤੱਕ ਨਾਂ ਤਾਂ ਇਸਦੀਆਂ ਗਤੀਵਿਧੀਆਂ ਵਿੱਚ ਕਦੇ ਹਿੱਸਾ ਲਿਆ ਅਤੇ ਨਾ ਹੀ ਕੋਈ ਦਿਲਚਸਪੀ ਦਿਖਾਈ।

ਉਸਦੀ ਦਿਲਚਸਪੀ ਉਦੋਂ ਬਣੀ ਜਦੋਂ ਉਸਨੇ ਨੀਵੀਂ ਸੁਰੰਗ ਪੋਲੀ ਹਾਊਸ ਤਕਨੀਕ ਬਾਰੇ ਸੁਣਿਆ ਜੋ ਕਿ ਨੀਵੇਂ ਪੱਧਰ ਦੇ ਖੇਤਾਂ ਲਈ ਖਾਸ ਕਰਕੇ ਫਾਇਦੇਮੰਦ ਸੀ। ਇਹ ਗ੍ਰੀਨਹਾਊਸ ਤਕਨੀਕ ਉਪਰ ਆਧਾਰਿਤ ਸੀ ਜਿਸ ਵਿੱਚ ਰੌਸ਼ਨੀ ਅਤੇ ਸੂਰਜ ਨੂੰ ਅੰਦਰ ਆਉਣ ਦਿੱਤਾ ਜਾਂਦਾ ਹੈ ਅਤੇ ਗਰਮੀ ਨੂੰ ਬਾਹਰ ਜਾਣ ਤੋਂ ਰੋਕਿਆ ਜਾਂਦਾ ਹੈ। ਇਸ ਢਾਂਚੇ ਵਿੱਚ ਗਲਾਸ ਦੀ ਜਗ੍ਹਾ ਸਸਤਾ ਵਿਕਲਪ ਪੋਲੀਥੀਨ ਜਾਂ ਪਲਾਸਟਿਕ ਵਰਤਿਆ ਗਿਆ। ਉਸਨੇ ਆਪਣੇ ਖੇਤ ਦੀਆਂ ਉੱਚੀਆਂ ਵੱਟਾਂ 'ਤੇ ਇਹ ਨੀਵੀਆਂ ਸੁਰੰਗਾਂ ਬਣਾਈਆਂ ਅਤੇ ਸਬਜੀਆਂ ਦੀਆਂ ਲਾਈਨਾਂ ਨੂੰ ਪਾਰਦਰਸ਼ੀ ਸ਼ੀਟਾਂ ਨਾਲ ਕਵਰ ਕਰ ਦਿੱਤਾ ਤਾਂਕਿ ਪੌਦਿਆਂ ਦਾ ਵਿਕਾਸ ਹੋ ਸਕੇ। ਨਾ ਸਿਰਫ਼ ਉਸਨੇ ਉਹਨਾਂ ਸਬਜੀਆਂ ਜਿੰਨਾਂ ਦਾ ਹਾਲੇ ਸੀਜ਼ਨ ਨਹੀ ਸੀ, ਦੀ ਪਨੀਰੀ ਤਿਆਰ ਕੀਤੀ ਬਲਕਿ ਪੌਦਿਆਂ ਦੀ ਮਰਨ ਦਰ ਵੀ ਘਟਾ ਲਈ। ਅੱਜ ਰਾਮ ਚੰਦਰ ਦੀ ਸਬਜੀਆਂ ਦੀ ਨਰਸਰੀ ਹੈ ਅਤੇ ਉਹ ਆਪਣੇ ਆਸ-ਪਾਸ ਦੇ ਕਿਸਾਨਾਂ ਨੂੰ ਪਨੀਰੀ ਵੇਚਦਾ ਹੈ। ਉਸਨੇ ਇਹ ਤਕਨੀਕ ਹੋਰ ਕਿਸਾਨਾਂ ਨੂੰ ਵੀ ਸਿਖਾਈ ਅਤੇ 12 ਹੋਰ ਕਿਸਾਨਾਂ ਦੀ ਇਹ ਢਾਂਚੇ ਸਥਾਪਤ ਕਰਨ ਵਿੱਚ ਮੱਦਦ ਕੀਤੀ।

ਰਾਮ ਚੰਦਰ ਮਾਨ ਨਾਲ ਦੱਸਦਾ ਹੈ, "ਕਿਸਾਨ ਮੇਰੇ ਕੋਲ ਖੇਤੀ ਬਾਰੇ ਤਰ੍ਹਾ-ਤਰ੍ਹਾਂ ਦੀ ਜਾਣਕਾਰੀ ਲੈਣ ਆਉਂਦੇ ਹਨ।" ਆਮਦਨ ਵਣ ਨਾਲ ਉਸਦਾ ਅਤੇ ਉਸਦੇ ਪਰਿਵਾਰ ਦਾ ਜੀਵਨ ਬਦਲ ਗਿਆ ਹੈ। ਇੱਕ ਝਿਜਕਣ ਵਾਲੇ ਕਿਸਾਨ ਤੋਂ ਹੁਣ ਰਾਮ ਚੰਦਰ ਲੀਸਾ ਦਾ ਪੱਕਾ ਸਮਰਥਕ ਬਣ ਗਿਆ ਹੈ ਖਾਸ ਕਰਕੇ ਇਸ ਪੋਲੀ ਹਾਊਸ ਤਕਨੀਕ ਦਾ। ਉਹ ਅੱਗੇ ਦੱਸਦਾ ਹੈ, "ਪ੍ਰੋਜੈਕਟ ਨਾਲ ਜੁੜਨ ਤੋਂ ਬਾਅਦ, ਸਾਡਾ ਸ਼ੁੱਧ ਲਾਭ 3500 ਰੁਪਏ ਪ੍ਰਤਿ ਸੀਜ਼ਨ ਸੀ ਅਤੇ ਹੁਣ ਇਹ ਵਧ ਕੇ 6000 ਰੁਪਏ ਹੋ ਗਿਆ ਹੈ।" ਉਸਦਾ ਮੰਨਣਾ ਹੈ ਕਿ ਕਣਕ ਦੇ ਮੁਕਾਬਲੇ ਸਬਜੀਆਂ ਦੀ ਖੇਤੀ ਨਾਲ ਉਸਨੂੰ ਜਿਆਦ ਲਾਭ ਹੋਣ ਦੇ ਨਾਲ ਹੀ ਉਸਦੇ ਪਰਿਵਾਰ ਨੂੰ ਵਧੀਆ ਪੌਸ਼ਟਿਕ ਭੋਜਨ ਮਿਲਿਆ ਹੈ ਹਾਲਾਂਕਿ ਮਿਹਨਤ ਥੋੜ੍ਹੀ ਜ਼ਿਆਦਾ ਹੈ। ਨਵੀਂ ਤਕਨੀਕ ਅਤੇ ਨਤੀਜਿਆਂ ਨੇ ਰਾਮ ਚੰਦਰ ਦਾ ਖੇਤੀ ਵਿੱਚ ਵਿਸ਼ਵਾਸ ਮੁੜ ਬਹਾਲ ਕਰ ਦਿੱਤਾ ਹੈ। ਉਹ ਆਪਣੀ ਜਮੀਨ ਸ਼ਹਿਰੀਕਰਨ ਦੀ ਭੇਂਟ ਨਹੀ ਚੜਾਉਣਾ ਚਾਹੁੰਦਾ ਅਤੇ ਉਹ ਉਮੀਦ ਕਰਦਾ ਹੈ ਕਿ ਅਜਿਹਾ ਉਸਦੀ ਜਿੰਦਗੀ ਜਾਂ ਉਸਦੇ ਬੱਚਿਆਂ ਦੀ ਜਿੰਦਗੀ ਦੌਰਾਨ ਨਹੀ ਘਟੇਗਾ। ਹੁਣ, 50 ਤੋਂ ਵੱਧ ਕਿਸਾਨਾਂ ਨੇ ਨਰਸਰੀ ਤਿਆਰ ਕਰਨ ਅਤੇ ਸਮੇਂ ਸਿਰ ਸਬਜੀਆਂ ਦੀ ਤੁੜਾਈ ਕਰਨ ਦੀ ਤਕਨੀਕ ਨੂੰ ਅਪਨਾ ਲਿਆ ਹੈ।

**ਪ੍ਰੋਗਰਾਮ ਦੇ ਪ੍ਰਭਾਵ :-** ਮੁੱਖ ਰੂਪ ਵਿੱਚ ਇਸ ਪ੍ਰੋਗਰਾਮ ਨੇ ਹੇਠ ਦਿੱਤੀਆਂ ਉਪਲਬਧੀਆਂ ਹਾਸਲ ਕੀਤੀਆਂ :

- ਪੇਰੀ ਸ਼ਹਿਰੀ ਖੇਤੀ ਇਲਾਕਿਆਂ ਵਿੱਚ ਖੇਤੀ ਯੋਗ ਜਮੀਨ ਨੂੰ ਸੁਰੱਖਿਅਤ ਕਰਨਾ ਅਤੇ ਸ਼ਹਿਰ ਦੀ ਹੜ੍ਹ ਬਫਪਰੰਗ ਸਮਰੱਥਾ ਨੂੰ ਵਧਾਉਣ ਲਈ ਪੱਕਾ ਮਾਡਲ ਦਿਖਾਉਣਾ
- ਪੇਰੀ ਸ਼ਹਿਰੀ ਖੇਤਰਾਂ ਵਿੱਚ ਜੈਵਿਕ ਤਰੀਕਿਆਂ ਨੂੰ ਵਰਤ ਕੇ ਛੋਟੀਆਂ ਅਤੇ ਮੱਧਮ ਦਰਜੇ ਦੀਆਂ ਜਮੀਨਾਂ ਲਈ ਖੇਤੀ-ਬਾਗਬਾਨੀ-ਪਸ਼ੂ ਪਾਲਣ ਲਈ ਟਿਕਾਊ ਅਤੇ ਜਲਵਾਯੂ ਅਨੁਕੂਲ ਮਾਡਲ ਸਥਾਪਤ ਕਰਨਾ।
- ਗਰੀਬ ਘਰਾਂ ਲਈ ਖਾਧ ਸੁਰੱਖਿਆ ਯਕੀਨੀ ਬਣਾਉਣਾ ਅਤੇ ਪ੍ਰਵਾਸ ਨੂੰ ਘਟਾਉਣਾ
- ਬਾਹਰੀ ਉਤਪਾਦਾਂ ਦੀ ਵਰਤੋਂ ਨੂੰ ਘੱਟ ਕਰਨਾ ਅਤੇ ਛੋਟੇ ਅਤੇ ਮਹਿਲਾ ਕਿਸਾਨਾਂ ਦੇ ਸ਼ੁੱਧ ਲਾਭ ਨੂੰ ਵਧਾਉਣਾ।
- ਪੇਸ਼ਰੀ ਸ਼ਹਿਰੀ ਖੇਤਰਾਂ ਵਿੱਚ ਕਮਜੋਰ ਸਮੂਹਾਂ ਵਿਚਕਾਰ ਰੁਜ਼ਗਾਰ ਦੀ ਸੁਰੱਖਿਆ ਅਤੇ ਸ਼ਹਿਰੀ ਗਰੀਬ ਲਈ ਭੋਜਨ ਸੁਰੱਖਿਆ ਨੂੰ ਵਧਾਉਣਾ।


**ਸਿੱਟਾ :** ਗੋਰਖਪੁਰ ਕੇਸ ਹਤਾਸ਼ ਕਿਸਾਨਾਂ ਦੁਆਰਾ ਪ੍ਰਵਾਸ ਨੂੰ ਘਟਾਉਣ ਅਤੇ ਖੇਤੀ ਵਿੱਚ ਇੱਕ ਨਵੀਂ ਉਮੀਦ ਪੈਦਾ ਕਰਨ ਦੀ ਇੱਕ ਸਫਲ ਕੋਸ਼ਿਸ਼ ਹੈ। ਜਲਵਾਯੂ ਅਨੁਕੂਲ ਖੇਤੀ ਦੀਆਂ ਗਤੀਵਿਧੀਆਂ ਨੇ ਲਾਗਤ ਘਟਾਉਣ ਅਤੇ ਲਾਭ ਵਧਾਉਣ ਵਿੱਚ ਮੱਦਦ ਕੀਤੀ ਹੈ। ਇਸ ਨੇ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਅਤੇ ਗਰੀਬਾਂ ਲਈ ਖਾਧ ਸੁਰੱਖਿਆ ਯਕੀਨੀ ਬਣਾਉਣ ਵਿੱਚ ਯੋਗਦਾਨ ਦਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀ ਕਿ ਜੇਕਰ ਪਿੰਡ ਵਾਲਿਆਂ ਦੀ ਖੇਤੀ, ਬਾਗਬਾਨੀ ਅਤੇ ਪਸ਼ੂ ਪਾਲਣ ਵਿੱਚ ਸੁਧਾਰ ਕਰਨ ਲਈ ਵਿਵਸਥਿਤ ਢੰਗ ਨਾਲ ਮੱਦਦ ਕੀਤੀ ਜਾਵੇ ਤਾਂ ਉਹਨਾਂ ਦੁਆਰਾ ਆਪਣੀਆਂ ਬਹੁਮੁੱਲੀਆਂ ਜਮੀਨਾਂ ਬਿਲਡਰਾਂ ਨੂੰ ਨਾ ਵੇਚੀਆ ਜਾਣ ਅਤੇ ਖੁੱਲੀਆਂ ਜਗਾਵਾਂ ਅਤੇ ਪਾਣੀ ਦੇ ਸ੍ਰੋਤ ਵੀ ਉਹਨਾਂ ਦੇ ਖੇਤਰਾਂ ਵਿੱਚ ਬਚੇ ਰਹਿਣ। ●


**ਅਜੈ ਕੁਮਾਰ ਸਿੰਘ**
**ਅਰਚਨਾ ਸ਼੍ਰੀਵਾਸਤਵ**
ਗੋਰਖਪੁਰ ਵਾਤਵਰਣ ਐਕਸ਼ਨ ਸਮੂਹ
ਐਚ ਆਈ ਜੀ - 1/4, ਸਿਧਾਰਥਪੁਰਮ
ਤਾਰਾਮੰਡਲ ਰੋਡ, ਗੋਰਖਪੁਰ - 273 017
**ਈਮੇਲ : geagindia@gmail.com**



**Food and livelihood security in urban-rural hinterlands**
**LEISA INDIA, March 2022**


**LEISA INDIA Language Editions**



**Kannada, Telugu, Tamil, Oriya, Hindi, Marathi, Punjabi**

# ਲੰਬਕਾਰੀ ਬਾਗਬਾਨੀ ਵਿੱਚ ਨਵੇਂ ਰਾਹ ਬਣਾਉਣਾ

*ਅਰਚਨਾ ਭੱਟ, ਵਿਪਨਦਾਸ ਪੀ ਅਤੇ ਅਬਦੁੱਲਾ ਹਬੀਬ*

ਪ੍ਰੇਰਨਾਦਾਇਕ ਨਵੀਨ ਢਾਂਚਿਆਂ ਅਤੇ ਮੁੜ ਵਰਤੋਂ ਅਤੇ ਰੀਸਾਇਕਲਿੰਗ ਦੀ ਡੂੰਘੀ ਭਾਵਨਾ ਨੇ ਇਸ ਖੋਜੀ ਕਿਸਾਨ ਨੂੰ ਬਹੁਤ ਸਾਰੇ ਸ਼ਹਿਰੀ ਬਾਗਬਾਨਾਂ ਲਈ ਅਨੁਕਰਨ ਕਰਨ ਲਈ ਇੱਕ ਮਾਡਲ ਦੇ ਰੂਪ ਵਿੱਚ ਸਥਾਪਤ ਕਰ ਦਿੱਤਾ ਹੈ।

ਪ੍ਰਸਿੱਧ ਖੇਤੀ ਵਿਗਿਆਨੀ ਡਾ. ਰਤਨ ਲਾਲ ਨੇ ਆਪਣੇ ਇੱਕ ਭਾਸ਼ਣ ਵਿੱਚ ਦੱਸਿਆ ਕਿ ਕਿਵੇਂ ਵੱਖ-ਵੱਖ ਅਧਿਐਨਾਂ ਦੁਆਰਾ ਦੱਖਣੀ ਏਸ਼ੀਆ ਨੂੰ ਖਾਧ ਅਸੁਰੱਖਿਆ ਦੇ ਮਾਮਲੇ ਵਿੱਚ ਇੱਕ ਹਾਟ ਸਪਾਟ ਮੰਨਿਆ ਗਿਆ ਹੈ। ਇਹ ਵੀ ਰਿਪੋਰਟ ਕੀਤਾ ਗਿਆ ਕਿ ਦੱਖਣ ਏਸ਼ੀਆ ਦੀ 57 % ਜਾਂ ਇਸ ਤੋਂ ਵੀ ਵੱਧ ਆਬਾਦੀ ਸਿਹਤਮੰਦ ਖੁਰਾਕ ਨਹੀਂ ਲੈ ਪਾਉਂਦੀ। ਲਗਾਤਾਰ ਵਧਦੀ ਜਨਸੰਖਿਆ ਦੇ ਕਾਰਨ ਖਾਧ ਅਸੁਰੱਖਿਆ ਦਾ ਬੋਝ ਵੀ ਲਗਾਤਾਰ ਵਧ ਰਿਹਾ ਹੈ, ਖਾਸ ਕਰਕੇ ਸ਼ਹਿਰਾਂ ਵਿੱਚ ਜਿੱਥੇ ਪਹਿਲਾਂ ਹੀ ਜਗ੍ਹਾ ਦੀ ਬਹੁਤ ਕਮੀ ਹੈ। ਜ਼ਿਆਦਾ ਲਚੀਲੀ ਖਾਧ ਪ੍ਰਨਾਲੀ, ਸ਼ਹਿਰੀ ਖਾਧ ਪੂਰਤੀ ਲੜੀ ਵਿੱਚ ਸੁਧਾਰ ਅਤੇ ਘਰੇਲੂ ਬਾਗਬਾਨੀ ਅਤੇ ਸ਼ਹਿਰੀ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਇਸ ਸਮੇਂ ਸਖ਼ਤ ਲੋੜ ਹੈ। ਸ਼ਹਿਰੀ ਘਰੇਲੂ ਬਗੀਚੀ ਘਰ ਦੇ ਲਈ ਸਿਹਤਮੰਦ ਖਾਣਾ ਉਪਲਬਧ ਕਰਵਾਉਣ ਤੋਂ ਇਲਾਵਾ ਘਰ ਦੇ ਆਸਪਾਸ ਇੱਕ ਬਿਹਤਰ ਸੂਖ਼ਮ ਵਾਤਾਵਰਣ ਮੁਹੱਈਆ ਕਰਵਾਉਂਦੀ ਹੈ। ਇਹ ਸੀਮਤ ਜਗ੍ਹਾ ਦੀ ਵਧੀਆ ਤਰੀਕੇ ਨਾਲ ਵਰਤੋਂ ਕਰਕੇ ਉਗਾਈ ਜਾ ਸਕਦੀ ਹੈ।

ਸ਼੍ਰੀ ਵਰਗੀਸ ਕੇਰਲ ਦੇ ਵਾਏਨਾਡ ਦੇ ਛੋਟੇ ਜਿਹੇ ਕਸਬੇ ਪੁਲਪੱਲੀ ਵਿੱਚ ਇੱਕ ਪ੍ਰਸਿੱਧ ਹਸਤੀ ਹਨ। ਉਹਨਾਂ ਨੇ ਆਪਣੇ ਜਿਗਿਆਸੂ ਅਤੇ ਉਤਸ਼ਾਹੀ ਸੁਭਾਅ ਕਰਕੇ ਲੰਬਕਾਰੀ (ਵਰਟੀਕਲ) ਬਾਗਬਾਨੀ ਵਿੱਚ ਮੁਹਾਰਤ ਹਾਸਿਲ ਕੀਤੀ ਹੈ। 60 ਸਾਲ ਦੇ ਸ਼੍ਰੀ ਵਰਗੀਸ ਇੱਕ ਇਨੋਵੇਟਿਵ ਕਿਸਾਨ ਹੋਣ ਦੇ ਇਲਾਵਾ ਬਹੁਤ ਹੀ ਨਿਮਰ ਸੁਭਾਅ ਦੇ ਮਾਲਕ ਹਨ। ਆਪਣੇ ਘਰ ਦੇ ਅਗਲੇ ਅਤੇ ਪਿਛਲੇ ਵਿਹੜੇ ਦੀ ਵਰਤੋਂ ਕਰਕੇ ਉਹਨਾਂ ਨੇ ਸਫਲਤਾਪੂਰਵਕ ਵਿਲੱਖਣ ਕਾਰਜਸ਼ੀਲ ਮਾਡਲ ਬਣਾਏ ਹਨ। ਰੇਡੀਓ ਮਕੈਨਿਕ ਦੀ ਨੌਕਰੀ ਛੱਡਣ ਤੋਂ ਬਾਅਦ ਉਹ ਪਿਛਲੇ 20 ਸਾਲਾਂ ਤੋਂ ਖੇਤੀ ਵਿੱਚ ਨਿੱਤ ਨਵੇਂ ਤਜ਼ਰਬੇ ਕਰ ਰਹੇ ਹਨ। ਵਰਤਮਾਨ ਵਿੱਚ ਉਹ ਵਰਟੀਕਲ ਬਾਗਾਬਾਨੀ ਅਤੇ ਹੋਰ ਕਾਢਾਂ ਰਾਹੀ ਬਹੁਤ ਸਾਰੀਆਂ ਫ਼ਸਲਾਂ ਜਿਵੇਂ ਗਾਜਰ, ਆਲੂ, ਬੰਦ ਗੋਭੀ, ਟੈਪਿਓਕਾ, ਸੌਂਫ, ਸਟ੍ਰਾਬੇਰੀ, ਮਿਰਚਾਂ, ਸ਼ਕਰਕੰਦੀ ਉਗਾ ਰਹੇ



**ਸੁਪਾਰੀ ਦੀ ਲੱਕੜੀ ਦੀ ਵਰਤੋਂ ਕਰਕੇ ਵਾਤਵਰਣ ਦੇ ਅਨੁਕੂਲ ਘੱਟ ਲਾਗਤ ਵਾਲਾ ਢਾਂਚਾ**

ਹਨ।ਸ਼੍ਰੀ ਵਗਨੀਸ ਨੇ ਸ਼ੁਰੂਆਤ ਵਿੱਚ ਘਰ ਦੇ ਸਾਹਮਣੇ ਵਿਹੜੇ ਵਿੱਚ ਕੁੱਝ ਸਜਾਵਟ ਵਾਲੇ ਪੌਦੇ ਉਗਾਏ ਸਨ। ਫਿਰ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਇਹ ਪੌਦੇ ਉਹਨਾਂ ਨੂੰ ਭੋਜਨ ਨਹੀਂ ਦੇ ਸਕਦੇ ਇਸਲਈ ਉਹਨਾਂ ਨੇ ਸਬਜੀਆਂ ਉਗਾਉਣ ਦਾ ਨਿਸ਼ਚਾ ਕੀਤਾ। ਉਹਨਾਂ ਨੇ ਅਜਿਹਾ ਢੰਗ ਵਿਕਸਿਤ ਕਰਨ ਦਾ ਨਿਸ਼ਚਾ ਕੀਤਾ ਜੋ ਦੇਖਣ ਵਿੱਚ ਸੋਹਣਾ ਲੱਗੇ, ਜਗ੍ਹਾ ਦੀ ਸੁਚੱਜੇ ਢੰਗ ਨਾਲ ਵਰਤੋਂ ਕਰਦਾ ਹੋਵੇ , ਫਸਲੀ ਵਿਭਿੰਨਤਾ ਨੂੰ ਪ੍ਰੋਤਸ਼ਾਹਿਤ ਕਰਦਾ ਹੋਵੇ , ਖਾਦ ਅਤੇ ਮਿੱਟੀ ਦੇ ਨਾਲ ਨਾਲ ਰਸੋਈ ਦਾ ਕਚਰੇ, ਸੁੱਕੇ ਪੱਤਿਆਂ ਅਤੇ ਝੋਨੇ ਦੀ ਪਰਾਲੀ ਦਾ ਵੀ ਇਸਤੇਮਾਲ ਕਰਦਾ ਹੋਵੇ।

## ਲੰਬਕਾਰੀ ਬਾਗਬਾਨੀ ਦੇ ਢਾਂਚੇ

ਸ਼੍ਰੀ ਵਰਗੀਸ ਨੇ ਇਸ ਬਾਗਬਾਨੀ ਪ੍ਰਕਾਰ ਲਈ ਕਈ ਨਵੇਂ ਢਾਂਚੇ ਵਿਕਸਿਤ ਕੀਤੇ।

**ਜੀ ਆਈ ਜਾਲ ਅਤੇ ਪੀ ਵੀ ਸੀ ਪਾਈਪ ਢਾਂਚਾ ਵਿਵਸਥਾ** - ਇਹ ਢਾਂਚਾ ਉਹ ਆਪਣੇ ਘਰ ਦੇ ਸਾਹਮਣੇ ਵਿਹੜੇ ਵਿੱਚ ਮੁੱਖ ਤੌਰ ’ਤੇ ਸਬਜੀਆਂ ਦੀਆਂ ਵਿਆਪਕ ਕਿਸਮਾਂ ਜਿਵੇਂ ਗਾਜਰ, ਬੰਦ ਗੋਭੀ, ਮਿਰਚਾਂ, ਸ਼ਿਮਲਾ ਮਿਰਚ, ਬੈਂਗਣ, ਸ਼ਕਰਕੰਦੀ ਅਤੇ ਸਟ੍ਰਾਬੇਰੀ ਉਗਾਉਣ ਲਈ ਵਰਤਦੇ ਹਨ। ਇੱਕ ਢਾਂਚੇ ਵਿੱਚ 24 ਦੇ ਲਗਭਗ ਪੌਦੇ ਲਗਾਏ ਜਾ ਸਕਦੇ ਹਨ। ਇਸ ਢਾਂਚੇ ਦੀ ਬਣਤਰ ਇੱਕ ਸਿਲੰਡਰ ਟਾਵਰ ਵਾਂਗ ਹੈ। ਇਸ ਵਿੱਚ ਇੱਕ ਵਧੀਆ ਮਜਬੂਤ ਫਾਈਬਰ/ਕੱਪੜੇ ਜਾਂ ਸ਼ੇਡ ਜਾਲੀ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਅੱਗੇ ਜੀ ਆਈ ਜਾਲ (2 ਇੰਚ ਅੰਤਰਾਲ) ਦੁਆਰਾ ਕਵਰ ਕੀਤਾ ਜਾਂਦਾ ਹੈ। ਇਸ ਢਾਂਚੇ ਨੂੰ ਫਿਰ ਪੌਦੇ ਉਗਾਉਣ ਵਾਲੀ ਸਮੱਗਰੀ ਨਾਲ ਤਹਿਆਂ ਬਣਾ ਕੇ ਭਰਿਆ ਜਾਂਦਾ ਹੈ। ਹੇਠਲੇ ਤਲੇ ਵਿੱਚ ਜਾਂ ਤਾਂ ਝੋਨੇ ਦੀ ਪਰਾਲੀ ਜਾਂ ਸੁੱਕੇ ਪੱਤਿਆਂ ਦੀ ਤਹਿ ਲਗਾਈ ਜਾਂਦੀ ਹੈ ਤਾਂਕਿ ਪਾਣੀ ਦੇ ਰਿਸਾਅ ਨੂੰ ਰੋਕਿਆ ਜਾ ਸਕੇ। ਇਸ ਤੋਂ ਬਾਅਦ ਰਸੋਈ ਦੇ ਕੂੜੇ ਨੂੰ ਮਿੱਟੀ ਅਤੇ ਖਾਦ ਨਾਲ ਮਿਲਾ ਕੇ ਪਾਇਆ ਜਾਂਦਾ ਹੈ। ਹਰ ਤਹਿ ਨੂੰ ਚੰਗੀ ਤਰ੍ਹਾਂ ਜਮਾ ਦਿੱਤਾ ਜਾਂਦਾ ਹੈ। ਢਾਂਚੇ ਵਿੱਚ ਸਿੰਚਾਈ ਕਰਨ ਲਈ ਕੇਂਦਰ ਵਿੱਚ ਇੱਕ ਪਤਲੀ ਪਾਈਪ ਵੀ ਪਾਈ ਜਾਂਦੀ ਹੈ ਜਿਸ ਵਿੱਚ 3.5 ਇੰਚ ਦੀ ਦੂਰੀ ’ਤੇ ਛੇਕ ਹਨ। ਵਰਤਮਾਨ ਵਿੱਚ, ਸ਼੍ਰੀ ਵਰਗੀਸ ਆਪਣੇ ਵਿਭਿੰਨ ਢਾਂਚਿਆਂ ਵਿੱਚ ਸਿੰਚਾਈ ਕਰਨ ਲਈ ਤੁਪਕਾ ਪ੍ਰਣਾਲੀ ਦਾ ਇਸਤੇਮਾਲ ਕਰ ਰਹੇ ਹਨ। ਢਾਂਚੇ ਨੂੰ ਖੋਲਣ-ਬੰਦ ਕਰਨ ਲਈ ਜ਼ਿੱਪ ਵੀ ਲਗਾਈ ਗਈ ਹੈ ਤਾਂਕਿ ਇਹ 10-15 ਸਾਲ ਲਈ ਇਸਤੇਮਾਲ ਹੋ ਸਕਣ।

ਸਬਜੀਆਂ ਦੀ ਪਨੀਰੀ ਲਗਾਉਣ ਲਈ ਉਚਿਤ ਸਥਾਨ ’ਤੇ ਛੋਟੇ ਪੀਵੀਸੀ ਪਾਈਪ ਲਗਾਏ ਜਾਂਦੇ ਹਨ। ਜਦੋਂ ਪੌਦੇ ਆਕਾਰ ਵਿੱਚ ਵਧਦੇ ਹਨ ਤਾਂ ਪੌਦਿਆਂ ਨੂੰ ਸਹਾਰਾ ਦੇਣ ਲਈ ਵਾਧੂ ਪਾਈਪ ਸੈਟਿੰਗ ਪ੍ਰਦਾਨ ਕੀਤੀ ਜਾਂਦੀ ਹੈ। ਪਾਈਪਾਂ ਨੂੰ ਮਿੱਟੀ ਅਤੇ ਜੈਵਿਕ ਖਾਦ (ਗਾਂ ਦੇ ਗੋਬਰ) ਅਤੇ ਨਿੰਮ ਦੀ ਖਲ ਦੇ ਮਿਸ਼ਰਣ ਨਾਲ ਭਰਿਆ ਜਾਂਦਾ ਹੈ। ਇਹ ਮਿਸ਼ਰਣ ਪੌਦਿਆਂ ਦੇ ਪਾਣੀ ਅਤੇ ਪੋਸ਼ਕ ਤੱਤਾਂ ਨੂੰ ਆਸਾਨੀ ਨਾਲ ਸੋਖਣ ਵਿੱਚ ਮੱਦਦ ਕਰਦਾ ਹੈ।

ਇਸ ਪ੍ਰਣਾਲੀ ਵਿੱਚ ਕੋਈ ਵੀ ਸਟ੍ਰਾਬੇਰੀ ਦੀ ਕੁਸ਼ਲਤਾ ਨਾਲ ਖੇਤੀ ਕਰ ਸਕਦਾ ਹੈ, ਉਹ ਵੀ ਬਿਨਾਂ ਪੀਵੀਸੀ ਪਾਈਪ ਨੂੰ ਇਸ ਨਾਲ ਨੱਥੀ ਕੀਤੇ ਬਿਨਾਂ। ਇਹ ਢੁਕਵੀ ਵਿੱਥ ’ਤੇ ਛੇਕ ਕਰਕੇ ਕੀਤਾ ਜਾਂਦਾ ਹੈ।

ਸ਼੍ਰੀ ਵਰਗੀਸ ਮਾਨ ਨਾਲ ਦੱਸਦੇ ਹਨ ਕਿ ਇਹ ਵਿਵਸਥਾ ਉਹਨਾਂ ਨੂੰ ਜਗ੍ਹਾ ਦਾ ਕੁਸ਼ਲਤਾ ਨਾਲ ਇਸਤੇਮਾਲ ਕਰਨ ਦਿੰਦੀ ਹੈ ਅਤੇ ਇਸਦੇ ਨਾਲ ਹੀ ਉਚਿਤ ਦੂਰੀ ਦੇ ਕਾਰਨ ਕੀਟਾਂ ਅਤੇ ਬਿਮਾਰੀਆਂ ਦੇ ਹਮਲੇ ਨੂੰ ਘੱਟ ਕਰਦੀ ਹੈ। ਇਸਦੇ ਨਾਲ ਹੀ ਇਸ ਵਿੱਚ ਨਦੀਨ ਪ੍ਰਬੰਧਨ ਦੀ ਵੀ ਲੋੜ ਨਹੀਂ ਹੁੰਦੀ ਕਿਉਂਕਿ ਇਸ ਵਿੱਚ ਸਿਰਫ਼ ਫ਼ਸਲ ਲਈ ਹੀ ਜਗ੍ਹਾ ਉਪਲਬਧ ਹੁੰਦੀ ਹੈ।

**ਸੁਪਾਰੀ ਦੀ ਲੱਕੜ ਦਾ ਢਾਂਚਾ** - ਪਿਛਲੇ ਮਾਡਲ ਵਾਂਗ ਹੀ ਇਹ ਵੀ ਵਾਤਾਵਰਣ ਪੱਖੀ ਢਾਂਚਾ ਹੈ ਅਤੇ ਸਸਤਾ ਵੀ ਪੈਂਦਾ ਹੈ। ਕੱਪੜੇ ਅਤੇ ਜੀ ਆਈ ਜਾਲ ਦੀ ਜਗ੍ਹਾ ਇਸ ਵਿੱਚ ਸੁਪਾਰੀ ਦੀ ਲੱਕੜ ਅਤੇ ਸੁੱਕੇ ਪੱਤਿਆਂ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਢਾਂਚੇ ਵਿੱਚ ਲੱਕੜ ਦੀਆਂ ਪਤਲੀਆਂ ਤਖਤੀਆਂ ਨੂੰ ਇੱਕ ਦੂਜੇ ਨਾਲ ਬੰਨ ਕੇ ਸਿਲੰਡਰ ਆਕਾਰ ਦਿੱਤਾ ਜਾਂਦਾ ਹੈ ਅਤੇ ਫਿਰ ਉਸਨੂੰ ਕਿਨਾਰੇ ਤੋਂ ਪਰਾਲੀ, ਸੁੱਕੇ ਪੱਤਿਆਂ ਨਾਲ ਭਰ ਦਿੱਤਾ ਜਾਂਦਾ ਹੈ। ਫਿਰ ਪਹਿਲਾਂ ਵਾਲੇ ਤਰੀਕੇ ਵਾਂਗ ਹੀ ਰਸੋਈ ਦਾ ਕੂੜਾ ਖਾਦ ਅਤੇ ਮਿੱਟੀ ਅਤੇ ਨਿੰਮ ਦੀ ਖਲ ਨਾਲ ਮਿਲਾ ਕੇ ਅੰਦਰਲੇ ਪਾਸੇ ਭਰਿਆ ਜਾਂਦਾ ਹੈ। ਜਦੋਂ ਇਹ ਪੂਰਾ ਹੋ ਜਾਂਦਾ ਹੈ ਤਾਂ ਸਤਹ ’ਤੇ ਛੇਕ ਕਰ ਦਿੱਤੇ ਜਾਂਦੇ ਹਨ ਜਿੱਥੇ ਆਲੂ ਦੀਆਂ ਅੱਖਾਂ (10 ਟਾਵਰ ਵਿੱਚ 120 ਆਲੂ ਦੀਆਂ ਅੱਖਾਂ ਲਗਾਈਆਂ ਜਾ ਸਕਦੀਆਂ ਹਨ।) ਪੁੰਗਰਣ ਲਈ ਲਗਾਈਆਂ ਜਾਂਦੀਆਂ ਹਨ। ਇੱਕ ਢਾਂਚੇ ਵਿੱਚ ਕਈ ਸਾਰੇ ਪੌਦੇ ਲਗਾ ਕੇ ਇਸ ਵਿਵਸਥਾ ਵਿੱਚ ਆਲੂ ਦੀ ਵਧੀਆ ਉਪਜ ਪ੍ਰਾਪਤ ਕੀਤੀ ਜਾ ਸਕਦੀ ਹੈ। ਸਮੇਂ-ਸਮੇਂ ’ਤੇ ਉਹ ਆਪਣੇ ਪੌਦਿਆਂ ਨੂੰ ਪੋਸ਼ਣ ਦੇਣ ਲਈ ਜੈਵਿਕ ਖਾਦ, ਜੀਵ ਅੰਮ੍ਰਿਤ ਅਤੇ ਨਿੰਮ ਖਲੀ ਪਾਉਂਦੇ ਰਹਿੰਦੇ ਹਨ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਸ਼੍ਰੀ ਵਰਗੀਸ ਨੇ ਇੱਕ ਹੀ ਟਾਵਰ ’ਤੇ ਵਿਭਿੰਨ ਪੱਧਰਾਂ ’ਤੇ ਮਿਰਚਾਂ ਅਤੇ ਟਮਾਟਰਾਂ ਦੇ ਏਕੀਕਰਣ ਦੀ ਕੋਸ਼ਿਸ਼ ਕੀਤੀ ਅਤੇ ਉਸ ਵਿੱਚ ਉਹ ਸਫਲ ਵੀ ਰਹੇ। ਉਹ ਇਹ ਦਰਸਾਉਂਦੇ ਹਨ ਕਿ ਸਭ ਫ਼ਸਲਾਂ ਦੀ ਚੰਗੀ ਵਾਢੀ ਅਤੇ ਹਰੇਕ ਫ਼ਸਲ ਦੇ ਝਾੜ ਉੱਪਰ ਇਸਦਾ ਅਸਰ ਨਾ ਪਏ।

**ਪੀ ਵੀ ਸੀ ਪਾਈਪ ਢਾਂਚਾ** - ਗਾਜਰ, ਸੌਂਫ, ਮਿਰਚਾਂ ਆਦਿ ਲਈ ਸ਼੍ਰੀ ਵਰਗੀਸ ਨੇ ਪੀ ਵੀ ਸੀ ਪਾਈਪਾਂ ਤੋਂ ਬਣੇ ਢਾਂਚੇ ਦਾ ਇਸਤੇਮਾਲ ਕੀਤਾ। ਬਾਗਬਾਨੀ ਲਈ 6 ਇੰਚ ਡਾਇਆਮੀਟਰ ਵਾਲੀ ਪੀਵੀਸੀ ਪਾਈਪ ਦਾ ਇਸਤੇਮਾਲ ਕੀਤਾ ਗਿਆ ਅਤੇ ਇਹਨਾਂ ਵਿੱਚ ਢੁਕਵੇਂ ਥਾਂ ਉੱਪਰ ਬਿਜਾਈ ਜਾਂ ਪਨੀਰੀ ਲਈ ਕੱਟ ਲਗਾਏ ਗਏ। ਕੱਟਾਂ ਨੂੰ ਪਿਛਾਂਹ ਧੱਕਿਆ ਗਿਆ ਅਤੇ ਲੋਹੇ ਦੀ ਗਰਮ ਰਾਡ ਦੀ ਮੱਦਦ ਨਾਲ ਮੋਰੇ ਕੀਤੇ ਗਏ ਤਾਂਕਿ ਬਿਜਾਈ ਕੀਤੀ ਜਾ ਸਕੇ। ਇਸ ਵਿੱਚ ਇੱਕ ਢਾਂਚੇ ਵਿੱਚ 16 ਤੋਂ 20 ਪੌਦੇ ਲਗਾਏ ਜਾ ਸਕਦੇ ਹਨ। ਜਦੋਂ ਪੌਦੇ ਵਧਣ ਲੱਗਦੇ ਹਨ ਤਾਂ ਪਾਈਪਾਂ ਰਾਹੀ ਵਾਧੂ ਸਹਾਰਾ ਦਿੱਤਾ ਜਾਂਦਾ ਹੈ। ਢਾਂਚੇ ਵਿੱਚ ਇੱਕ ਪਾਈਪ ਲਗਾਈ ਜਾਂਦੀ ਹੈ ਜਿਸ ਵਿੱਚ ਕਈ ਸਾਰੀਆਂ ਛੋਟੀਆਂ ਪਾਈਪਾਂ ਹੁੰਦੀਆਂ ਹਨ ਜਿੰਨਾਂ ਰਾਹੀ ਜਾਂ ਤਾਂ ਹੱਥੀ ਜਾਂ ਤੁਪਕਾ ਸਿੰਚਾਈ ਤਰੀਕੇ ਨਾਲ ਢਾਂਚੇ ਵਿੱਚ ਪੌਦਿਆਂ ਨੂੰ ਪਾਣੀ ਦਿੱਤਾ ਜਾਂਦਾ ਹੈ।

ਸ਼੍ਰੀ ਵਰਗੀਸ ਪਿਛਲੇ ਕੁੱਝ ਸਮੇਂ ਤੋਂ ਪੀਵੀਸੀ ਪਾਈਪ ਅਤੇ ਜੀ ਆਈ ਢਾਂਚੇ ਉੱਪਰ ਕੰਮ ਕਰ ਰਹੇ ਹਨ। ਇੱਕ ਵੈਲਡਰ ਦੀ ਮੱਦਦ ਨਾਲ ਉਹ ਪੁਰਾਣੀਆਂ ਪੀਵੀਸੀ ਪਾਈਪਾਂ ਅਤੇ ਜੀ ਆਈ ਨੈੱਟ ਨੂੰ ਰੀਸਾਇਕਲ ਕਰਦੇ ਹਨ ਜਦੋਂ ਅਤੇ ਜਿਵੇਂ ਉਹਨਾਂ ਨੂੰ ਲੋੜ ਹੁੰਦੀ ਹੈ। ਆਪਣੀ ਜਰੂਰਤ ਦੇ ਹਿਸਾਬ ਨਾਲ ਉਹ ਨਵੀਆਂ ਪੀਵੀਸੀ ਪਾਈਪਾਂ ਅਤੇ ਜੀ ਆਈ ਨੈੱਟ ਵੀ ਖਰੀਦਦੇ ਹਨ ਤਾਂਕਿ ਵਰਟੀਕਲ ਬਾਗਬਾਨੀ ਢਾਂਚਾ ਬਣਾ ਸਕਣ।

ਇਹਨਾਂ ਸਾਰੇ ਢਾਂਚਿਆਂ ਵਿੱਚ ਸਭ ਤੋਂ ਵੱਧ ਤਾਰੀਫ਼ ਕਰਨ ਯੋਗ ਗੱਲ ਇਹ ਹੈ ਕਿ ਇਹਨਾਂ ਢਾਂਚਿਆਂ ਵਿੱਚ ਭਰੀ ਗਈ ਸਮੱਗਰੀ ਨੂੰ ਵਰਮੀ ਕੰਪੋਸਟ ਨਾਲ ਮਿਲਾ ਕੇ ਫਿਰ ਤੋਂ ਪੌਦ ਲਗਾਉਣ ਲਈ ਵਰਤਿਆ ਜਾ ਸਕਦਾ ਹੈ। ਇਸ ਸਮੱਗਰੀ ਨੂੰ ਪੌਦੇ ਉਗਾਉਣ ਵਾਲੇ ਹਰੇ ਬੈਗਾਂ ਵਿੱਚ ਵੀ ਭਰਿਆ ਜਾ ਸਕਦਾ ਹੈ ਅਤੇ ਹੋਰ ਫ਼ਸਲਾਂ ਲਗਾਈਆਂ ਜਾ ਸਕਦੀਆਂ ਹਨ। ਇਸ ਤਰ੍ਹਾਂ, ਸ਼੍ਰੀ ਵਰਗੀਸ ਤਿੰਨ ਆਰ ਲੋੜ ਘਟਾਉਣਾ-ਮੁੜ ਵਰਤੋਂ ਕਰਨਾ - ਰੀਸਾਇਕਲ - Reduce-Reuse-Recycle ਨੂੰ ਆਪਣੇ ਬਗੀਚੇ ਵਿੱਚ ਸੁਚੱਜੇ ਢੰਗ ਨਾਲ ਲਾਗੂ ਕਰ ਰਹੇ ਹਨ।

**ਜੈਵਿਕ ਖਾਦ ਆਦਿ ਉਤਪਾਦਾਂ ਨੂੰ ਤਿਆਰ ਕਰਨਾ ਅਤੇ ਭਵਿੱਖ ਦੀ ਯੋਜਨਾਬੰਦੀ** - ਇਹਨਾਂ ਵਰਟੀਕਲ ਬਾਗਬਾਨੀ ਢਾਂਚਿਆਂ ਤੋਂ ਇਲਾਵਾ, ਸ਼੍ਰੀ ਵਰਗੀਸ ਲਗਾਤਾਰ ਆਪਣੇ ਖੇਤ ਵਿੱਚ ਕੁੱਝ ਨਾਂ ਕੁੱਝ ਨਵਾਂ ਕਰਦੇ ਰਹਿੰਦੇ ਹਨ। ਉਹ ਜੈਵਿਕ ਖਾਦ ਅਤੇ ਜੀਵ ਅੰਮ੍ਰਿਤ, ਬੀਜ ਅੰਮ੍ਰਿਤ, ਫਿਸ਼ ਐਮੀਨੋ ਆਦਿ ਵੀ ਆਪਣੇ ਖੇਤ ਉੱਪਰ ਤਿਆਰ ਕਰਦੇ ਹਨ। ਉਹ ਆਪਣੇ ਘਰ ਦੇ ਪਾਸ ਇੱਕ ਨਰਸਰੀ ਖੜੀ ਕਰਨ ਬਾਰੇ ਸੋਚ ਰਹੇ ਹਨ ਜਿੱਥੋਂ ਉਹ ਪੌਦਿਆਂ ਦੀ ਪਨੀਰੀ ਅਤੇ ਆਪਣੇ ਬਗੀਚੇ ਦੀਆਂ ਉਗਾਈਆਂ ਸਬਜੀਆਂ ਉੱਚਿਤ ਮੁੱਲ 'ਤੇ ਵੇਚ ਸਕਣ। ਨਰਸਰੀ ਸ਼ੈੱਡ ਤਿਆਰ ਹੋ ਚੁੱਕਿਆ ਹੈ ਅਤੇ ਆਉਣ ਵਾਲੇ ਕੁੱਝ ਮਹੀਨਿਆਂ ਵਿੱਚ ਉੱਥੋਂ ਵਿਕਰੀ ਸ਼ੁਰੂ ਹੋ ਜਾਵੇਗੀ।

**ਦੂਜਿਆਂ ਨਾਲ ਆਪਣੇ ਅਨੁਭਵ ਸਾਂਝੇ ਕਰਨਾ** - ਉਹ ਕਈ ਕਿਸਾਨ ਸਮੂਹਾਂ ਅਤੇ ਵੱਟਸਐਪ ਸਮੂਹਾਂ ਦੇ ਮੈਂਬਰ ਹਨ ਜਿੱਥੇ ਉਹ ਆਪਣਾ ਗਿਆਨ ਦੂਸਰਿਆਂ ਨਾਲ ਸਾਂਝਾ ਕਰਦੇ ਹਨ। ਉਹ ਸਿਖਲਾਈ ਦੇਣ ਲਈ ਵੀ ਇੱਕ ਰਿਸੋਰਸ ਪਰਸਨ ਵਜੋਂ ਸੇਵਾ ਦਿੰਦੇ ਹਨ। ਆਪਣੇ ਪੁੱਤਰ ਦੀ ਮੱਦਦ ਨਾਲ, ਉਹਨਾਂ ਨੇ ਆਪਣਾ ਇੱਕ ਯੂਟਿਊਬ ਚੈਨਲ (https://www.youtube.com/c/VARGHESEPULPALLY) ਵੀ ਸ਼ੁਰੂ ਕੀਤਾ ਹੋਇਆ ਹੈ ਜਿੱਥੇ ਉਹ ਆਪਣੇ ਬਗੀਚੇ ਦੀਆਂ ਗਤੀਵਿਧੀਆਂ ਬਾਰੇ ਲਗਾਤਾਰ ਲੋਕਾਂ ਨਾਲ ਸਾਂਝਾ ਕਰਦੇ ਹਨ। ਉਹ ਦੱਸਦੇ ਹਨ ਕਿ ਫੋਨ ਜਾਂ ਵੱਟਸਐਪ ਉੱਪਰ ਉਹ ਲੋਕਾਂ ਨੂੰ ਚੰਗੀ ਤਰ੍ਹਾਂ ਆਪਣੀਆਂ ਤਕਨੀਕਾਂ ਬਾਰੇ ਸਮਝਾ ਨਹੀ ਪਾਉਂਦੇ ਸਨ ਸੋ ਇਸੇ ਗੱਲ ਨੇ ਉਹਨਾਂ ਨੂੰ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਆਪਣੀ 60 ਸਾਲ ਦੀ ਉਮਰ ਵਿੱਚ ਵੀ ਉਹ ਖੇਤੀ ਨੂੰ ਲੈ ਕੇ ਬਹੁਤ ਜਨੂੰਨੀ ਹਨਅਤੇ ਬੜੇ ਹੀ ਉਤਸ਼ਾਹ ਨਾਲ ਖੇਤੀ ਦੀਆਂ ਨਵੀਆਂ ਤਕਨੀਕਾਂ ਨੂੰ ਸਿੱਖਦੇ ਹਨ ਜਿਸ ਕਰਕੇ ਉਹ ਆਪਣੇ ਸਾਥੀ ਕਿਸਾਨਾਂ ਅਤੇ ਨੌਜਵਾਨਾਂ ਲਈ ਇੱਕ ਪ੍ਰੇਰਣਾ ਸ੍ਰੋਤ ਹਨ। ਉਹ ਉਹਨਾਂ ਸਭ ਮੀਡੀਆ ਦੇ ਮੰਚਾਂ ਦੇ ਆਭਾਰੀ ਹਨ ਜਿੰਨਾਂ ਨੇ ਉਹਨਾਂ ਦੇ ਕੰਮ ਨੂੰ ਲੋਕਾਂ ਤੱਕ ਪਹੁੰਚਾਇਆਂ, ਉਹਨਾਂ ਦੀ ਪਛਾਣ ਬਣਾਈ ਅਤੇ ਉਹਨਾਂ ਨੂੰ ਆਪਣਾ ਗਿਆਨ ਦੂਸਰਿਆਂ ਨਾਲ ਸਾਂਝਾ ਕਰਨ ਦਾ ਮੌਕਾ ਦਿੱਤਾ। ਉਹਨਾਂ ਦੇ ਮਨ ਵਿੱਚ ਬਾਗਬਾਨੀ ਦੇ ਮਾਡਲ ਨੂੰ ਹੋਰ ਸੁਧਾਰਨ ਲਈ ਬਹੁਤ ਸਾਰੇ ਨਵੇਂ-ਨਵੇਂ ਵਿਚਾਰ ਹਨ ਪਰ ਫੰਡ ਦੀ ਘਾਟ ਕਾਰਨ ਉਹ ਹੋਰ ਕੰਮ ਕਰਨ ਵਿੱਚ ਅਸਮਰੱਥ ਹਨ। ਉਹਨਾਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਜੇਕਰ ਇਸ ਬਾਗਬਾਨੀ ਮਾਡਲ ਨੂੰ ਹੋਰ ਸੁਧਾਰਿਆ ਜਾਵੇ ਤਾਂ ਇਹ ਸ਼ਹਿਰ ਵਾਸੀਆਂ ਲਈ ਸਸਤਾ ਅਤੇ ਟਿਕਾਊ ਮਾਡਲ ਸਿੱਧ ਹੋਵੇਗਾ।

**ਟੈਪੀਓਕਾ ਉਗਾਉਣ ਦਾ ਵਿਲੱਖਣ ਤਰੀਕਾ** : ਆਮ ਵਰਟੀਕਲ ਬਾਗਬਾਨੀ ਤੋਂ ਇਲਾਵਾ ਸ਼੍ਰੀ ਵਰਗੀਸ ਨੇ ਟੈਪੀਓਕਾ ਉਗਾਉਣ ਦਾ ਇੱਕ ਵਿਲੱਖਣ ਤਰੀਕਾ ਵਿਕਸਿਤ ਕੀਤਾ ਹੈ ਜਿਸ ਨਾਲ ਓਹਨਾਂ ਨੂੰ ਵਧੀਆ ਗੁਣਵੱਤਾ ਅਤੇ ਉਸਦਾ ਵਧੀਆ ਝਾੜ ਮਿਲੇ। ਉਹਨਾਂ ਦੇ ਤਰੀਕੇ ਨਾਲ ਇੱਕ ਪੌਦੇ ਤੋਂ ਹੀ ਤਿੰਨ ਪਾਸਿਆਂ ਤੋਂ ਟੈਪੀਓਕਾ ਮਿਲ ਸਕਦਾ ਹੈ। ਇਸ ਤਰੀਕੇ ਵਿੱਚ ਹੇਠਲੀ ਮਿੱਟੀ ਦੀ ਤਹਿ ਤੋਂ ਇਲਾਵਾ ਦੋ ਹੋਰ ਵਾਧੂ ਮਿੱਟੀ ਦੀਆਂ ਤਹਿਆਂ ਗ੍ਰੋ ਬੈਗਾਂ ਦੀ ਮੱਦਦ



ਵਰਟੀਕਲ ਢਾਂਚੇ ਵਿੱਚ ਉਗਾਈਆਂ ਵਿਭਿੰਨ ਸਬਜੀਆਂ

ਨਾਲ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਜੋ ਮੁੱਖ ਤਣਾ ਇਹਨਾਂ ਦੋਵਾਂ ਤਹਿਆਂ ਵਿੱਚੋਂ ਲੰਘਾਇਆ ਜਾਂਦਾ ਹੈ। ਜਿਹੜੇ ਤਣਾ ਗ੍ਰੋ ਬੈਗਾਂ ਵਿੱਚ ਮਿੱਟੀ ਦੇ ਸੰਪਰਕ ਵਿੱਚ ਆਉਂਦਾ ਹੈ ਉੱਥੇ ਪਹਿਲਾਂ ਹੀ ਚੀਰੇ ਲਗਾ ਦਿੱਤੇ ਜਾਂਦੇ ਹਨ ਤਾਂਕਿ ਉੱਥੇ ਜੜ੍ਹਾਂ ਨਿਕਲ ਸਕਣ ਅਤੇ ਟੈਪੀਓਕਾ ਬਣ ਸਕੇ। ਸ਼੍ਰੀ ਵਰਗੀਸ ਮਾਨ ਨਾਲ ਦੱਸਦੇ ਹਨ ਕਿ ਇਸ ਵਿਧੀ ਰਹੀ ਉਹਨਾਂ ਨੇ ਇੱਕ ਪੌਦੇ ਤੋਂ 25 ਕਿਲੋ ਤੱਕ ਟੈਪੀਓਕਾ ਪ੍ਰਾਪਤ ਕੀਤਾ ਹੈ। ਉਹ ਸ਼ੇਡ ਨੈਟ ਵਿੱਚ ਵੈਨੀਲਾ ਵੀ ਉਗਾ ਰਹੇ ਹਨ ਅਤੇ ਪਲਾਸਟਿਕ ਬੋਤਲਾਂ ਵਿੱਚ ਪੁਦੀਨਾ ਵੀ ਉਗਾਇਆ ਹੈ। ●

**ਅਰਚਨਾ ਭੱਟ**
ਸਾਇੰਟਿਸਟ

**ਵਿਪੀਨਦਾਸ ਪੀ**
ਵਿਕਾਸ ਕਾਰਜਕ੍ਰਤਾ

**ਅਬਦੁੱਲਾ ਹਬੀਬ**
ਵਿਕਾਸ ਸਹਾਇਕ
ਐੱਮ.ਐੱਸ.ਐੱਸ.ਆਰ.ਐੱਫ. ਕਮਿਊਨਿਟੀ ਐਗਰੋਬਾਇਓ-
ਡਾਇਵਰਸਿਟੀ ਸੈਂਟਰ, ਵਾਇੰਨਦ, ਕੇਰਲਾ

ਈਮੇਲ : archanabhatt1991@gmail.com

**Creating new avenues in Vertical Gardening**
**LEISA INDIA, March 2022**